# ਵਤਨ ਦੀ ਮਿੱਟੀ

**ਪਹਿਲਾਂ ਏਸੇ ਕਲਮ ਤੋਂ-**

- ਆਪਣੀ ਮਿੱਟੀ ਦੀ ਮਹਿਕ (ਕਾਵਿ ਸੰਗ੍ਰਹਿ)

# ਵਤਨ ਦੀ ਮਿੱਟੀ

ਬਲਜੀਤ ਸਿੰਘ ਭਲੂਰੀਆ

*Poetry/Punjabi Poetry*

**Wattan Di Mitti**
by
**Baljit Singh Bhalooria**
2358, Phase II, Urban Estate, Patiala
Phone: 9417129698
Ludhiana- 0161-2502960
E-mail: baljitbhalooria@yahoo.com

Canada-Phone-001-647-782-5646

201, Fleetwood Crescent
BRAMPTON-TORONTO
L6T 2E6 CANADA

Second edition : 2012
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



*ਦਾਦਾ ਸ੍ਰ. ਭਾਗ ਸਿੰਘ*



*ਦਾਦੀ ਸ਼੍ਰੀ ਮਤੀ ਈਸਰ ਕੌਰ*

# ਸਮਰਪਣ

ਸਤਿਕਾਰਯੋਗ ਦਾਦਾ ਸ੍ਰ. ਭਾਗ ਸਿੰਘ ਜਿਨ੍ਹਾਂ ਕਰਮ-ਧਰਮ ਸੱਚੀ-ਸੁੱਚੀ ਮਿਹਨਤ, ਨੇਕ-ਨੀਅਤ, ਸਬਰ-ਸੰਤੋਖ ਦੀ ਜ਼ਿੰਦਗੀ ਜਿਉਂਦਿਆਂ ਸਾਨੂੰ ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਨੂੰ ਨਿਭਾਉਣ ਅਤੇ ਹੰਢਾਉਣ ਦੀ ਜਾਚ ਸਿਖਾਈ।

***

ਪਿਆਰੀ ਦਾਦੀ ਸ਼੍ਰੀਮਤੀ ਈਸਰ ਕੌਰ ਜਿਨ੍ਹਾਂ ਸੁੱਚੀ, ਸੰਜਮੀ, ਸੁਚੱਜੀ, ਪ੍ਰਕ੍ਰਿਤਿਕ ਜੀਵਾਂ ਨਾਲ ਪਿਆਰ ਅਤੇ ਰੱਬ ਦੀ ਰਜ਼ਾ ਵਿੱਚ ਰਹਿੰਦਿਆਂ ਸਾਨੂੰ ਪਿਆਰਿਆ, ਦੁਲਾਰਿਆ ਅਤੇ ਦੁੱਧ ਮੱਖਣਾਂ ਨਾਲ ਪਾਲਿਆ।

***

ਜਗਤ ਤਾਈ ਸ਼੍ਰੀਮਤੀ ਪ੍ਰਤਾਪ ਕੌਰ ਜਿਨ੍ਹਾਂ, ਸੁਹਜ, ਸਿਆਣਪ, ਕਲਾਕਾਰੀ ਔਕੜਾਂ ਨਾਲ ਲੜਦਿਆਂ ਅਤੇ ਮੁਸ਼ਕਲ ਸਮਿਆਂ ਨੂੰ ਬੜੀ ਸਿਆਣਪ ਅਤੇ ਸਹਿਜ ਨਾਲ ਪਾਰ ਕਰਦਿਆਂ ਸਾਨੂੰ ਆਪਣੇ ਵਿਹੜੇ ਦੀਆਂ ਠੰਢੀਆਂ, ਮਿੱਠੀਆਂ ਛਾਂਵਾਂ, ਚੰਨ ਚਾਨਣੀਆਂ ਰਾਤਾਂ, ਮਿੱਠੀਆਂ-ਮਿੱਠੀਆਂ ਬਾਤਾਂ ਅਤੇ ਗੁਰਬਾਣੀ ਦੀਆਂ ਸੁਗਾਤਾਂ ਦਿੰਦਿਆਂ ਸਾਡੇ ਬਾਲ ਮਨਾਂ ਉੱਤੇ ਅਮਿੱਟ ਛਾਪ ਛੱਡੀ।

# ਤਰਤੀਬ


* ਮਾਨਵੀ ਸਰੋਕਾਰਾਂ ਦੀ ਸਿਰਜਣਾ ਅਤੇ ਸੰਚਾਰ "ਵਤਨ ਦੀ ਮਿੱਟੀ" 9
* ਦੋ ਸ਼ਬਦ 12
* ਦੋ ਸ਼ਬਦ ਆਪਣੇ ਵੱਲੋਂ 14
* ਧੰਨਵਾਦ 16
* ਵਤਨ ਦੀ ਮਿੱਟੀ 17
* ਮੇਰਾ-ਮੇਰਾ ਕਰਦੈਂ ਬੰਦਿਆ 18
* ਕਿੱਥੇ ਗਈਆਂ ਲੋਰੀਆਂ 19
* ਔਰਤ-ਪਾਤ 21
* ਕਲਾਕਾਰ ਨੂੰ 22
* ਦਰਦ-ਏ-ਵਿਛੋੜਾ 24
* ਵੋਟਾਂ ਦੇ ਦਿਨ ਆਏ 25
* ਦੱਬੀ ਅੱਗ 26
* ਗਰੀਬ ਬੱਚੇ ਦੀ ਰੱਬ ਦੇ ਨਾਂ ਪੁਕਾਰ 27
* ਗੁਰੂ ਨਾਨਕ ਅਤੇ ਅੱਜ 28
* ਭਾਰਤੀ ਲੀਡਰ 31
* ਪਰਾਇਆ ਧਨ 33
* ਸਾਜਨ 34
* ਸ਼ਰਧਾਂਜਲੀ 35
* ਬਟਵਾਰਾ 36
* ਗੁਰੂ ਨਾਨਕ ਸਾਹਿਬ ਸੱਜਣ ਠੱਗ ਨਾਲ 40
* ਕੁਰਸੀ 41
* ਦਾਤੇ ਦੀਆਂ ਦਾਤਾਂ 44
* ਸੁੱਕਾ ਸਾਉਣ 45
* ਗੁਰੂ ਗੋਬਿੰਦ ਸਿੰਘ ਬੰਦਾ ਬਹਾਦਰ ਨੂੰ 46
* ਕੁਦਰਤ 48
* ਬਾਲ ਮਜ਼ਦੂਰੀ 49
* ਸਮਾਂ 50

| | | |
|---|---|---|
| * | ਦਿਉਰ-ਭਰਜਾਈ | 51 |
| * | ਵੰਗਾਰ | 52 |
| * | ਬੱਚੇ ਦੇ ਜਨਮ ਤੇ | 53 |
| * | ਮਾਡਲ ਸਕੂਲ ਬਨਾਮ ਦੁਕਾਨਦਾਰੀ | 55 |
| * | ਮੇਰਾ ਦੇਸ਼ ਮਹਾਨ | 57 |
| * | ਛੋਟੀ ਉਮਰੇ ਰੋਂਦੇ ਛੱਡ ਗਈ ਮਾਂ ਦੇ ਨਾਂ | 59 |
| * | ਤਰਲਾ | 61 |
| * | ਨਵੇਂ ਸਾਲ ਦੇ ਸੂਰਜ ਨੂੰ | 63 |
| * | ਦਾਜ | 64 |
| * | ਗੱਲ ਸੁਣ ਮੇਰੀ | 65 |
| * | ਸੰਘਰਸ਼ | 66 |
| * | ਸਿਲ੍ਹਾਬੇ ਵਿਹੜੇ | 67 |
| * | ਤੂੰ-ਤੂੰ, ਮੈਂ-ਮੈਂ | 69 |
| * | ਏਧਰ ਕਣਕਾਂ ਉਧਰ ਕਣਕਾਂ | 71 |
| * | ਮਾਂ ਅਤੇ ਦਾਦੀ ਦੇ ਨਾਂ | 72 |
| * | ਗੀਤ | 76 |
| * | ਨਜ਼ਮ | 78 |
| * | ਦੱਸੋ | 79 |
| * | ਪਿੰਡ ਦੀ ਰੂਹ | 81 |
| * | ਹੜ੍ਹਾਉ ਦਰਿਆ | 83 |
| * | ਤਾਈ ਦਾ ਵਿਹੜਾ | 86 |
| * | ਰੱਖੜੀ | 91 |
| * | ਪੜ੍ਹਦੇ ਜਾਵੋ | 92 |
| * | ਫਸਲਾਂ ਦਾ ਪਿਆਰ | 93 |
| * | ਤਿੰਨ-ਮਾਂਵਾਂ | 95 |
| * | ਵੀਰ | 96 |

## ਮਾਨਵੀ ਸਰੋਕਾਰਾਂ ਦੀ ਸਿਰਜਣਾ ਅਤੇ ਸੰਚਾਰ
## ''ਵਤਨ ਦੀ ਮਿੱਟੀ''

ਅਜੋਕੀ ਪੰਜਾਬੀ ਕਵਿਤਾ ਬਹੁਤ ਸਾਰੀਆਂ ਕਾਵਿ-ਧੁਨੀਆਂ ਦਾ ਸੁਮੇਲ ਹੈ। ਅੱਜ ਦਾ ਕਵੀ ਸਮਾਜਿਕ ਵਰਤਾਰਿਆਂ ਅਤੇ ਮਸਲਿਆਂ ਨੂੰ ਕਿਸੇ ਖਾਸ ਵਿਚਾਰਧਾਰਕ ਪੈਟਰਨ ਅਨੁਸਾਰ ਸਮਝਣ ਅਤੇ ਸੰਚਾਰਨ ਦੀ ਥਾਂ, ਉਨ੍ਹਾਂ ਦੇ ਬਹੁ-ਦਿਸ਼ਾਵੀ ਕਾਰਨਾਂ ਅਤੇ ਸਿੱਟਿਆਂ ਦੀ ਤਲਾਸ਼ ਕਰਦਾ ਹੈ। ਉਹ ਸਿਰਜਣ-ਪ੍ਰਕ੍ਰਿਆ ਸਮੇਂ ਨਿੱਜੀ ਅਨੁਭਵ ਨੂੰ ਵਿਸ਼ੇਸ਼ ਮਹੱਤਵ ਦੇ ਰਿਹਾ ਹੈ। ਇਸ ਕਾਰਨ ਹੀ ਅਜੋਕੀ ਪੰਜਾਬੀ ਕਵਿਤਾ ਬਹੁ-ਦਿਸ਼ਾਵੀ ਪ੍ਰਕ੍ਰਿਤੀ ਦੀ ਧਾਰਨੀ ਨਜ਼ਰ ਆਉਂਦੀ ਹੈ। ਬਲਜੀਤ ਸਿੰਘ ਭਲੂਰੀਆ ਦੀ ਕਵਿਤਾ ਦੇ ਅਧਿਐਨ ਤੋਂ ਇਹ ਧਾਰਨਾ ਹੋਰ ਪਰਪੱਕ ਹੁੰਦੀ ਹੈ।

ਮਾਂ, ਮਾਂ-ਬੋਲੀ ਅਤੇ ਮਾਤ-ਭੂਮੀ ਦਾ ਹਰ ਮਨੁੱਖ ਦੇਣਦਾਰ ਹੁੰਦਾ ਹੈ, ਪ੍ਰੰਤੂ ਬਹੁਤ ਘੱਟ ਲੋਕ ਇਸ ਦੇਣਦਾਰੀ ਪ੍ਰਤੀ ਆਪਣੇ ਫਰਜ ਨੂੰ ਪਹਿਚਾਣਦੇ ਹਨ। ਬਲਜੀਤ ਸਿੰਘ ਭਲੂਰੀਆ ਇਸ ਫ਼ਰਜ਼ ਪ੍ਰਤੀ ਦਿਲੋਂ ਸੁਹਿਰਦ ਹੈ। ਇਸ ਦਾ ਪ੍ਰਗਟਾਵਾ ਉਸ ਦੇ ਪਹਿਲੇ ਕਾਵਿ-ਸੰਗ੍ਰਹਿ 'ਆਪਣੀ ਮਿੱਟੀ ਦੀ ਮਹਿਕ' ਰਾਹੀਂ ਸਹਿਜੇ ਹੀ ਹੋ ਜਾਂਦਾ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਜੋ ਆਪਣੀ ਮਾਂ ਨੂੰ ਪਿਆਰ ਕਰਦਾ ਹੈ ਉਹ ਹੀ ਆਪਣੀਆਂ ਮਾਸੀਆਂ-ਮਾਮੀਆਂ ਦਾ ਸਤਿਕਾਰ ਕਰ ਸਕਦਾ ਹੈ। ਬਲਜੀਤ ਸਿੰਘ ਭਲੂਰੀਆ ਦੀ ਸਿਰਜਣ ਪ੍ਰਕ੍ਰਿਆ 'ਤੇ ਇਹ ਉਕਤੀ ਵੀ ਪੂਰਨ-ਭਾਂਤ ਢੁਕਦੀ ਹੈ। ਉਹ ਆਪਣੀ ਜਨਮ-ਭੂਮੀ ਤੇ ਮੁਢਲੇ ਜੀਵਨ-ਕਾਲ ਨਾਲ ਸਬੰਧਿਤ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨਾਲ ਮੋਹ-ਭਰਿਆ ਰਿਸ਼ਤਾ ਰੱਖਦਾ ਹੈ। ਇਸ ਪ੍ਰਕਾਰ ਹੀ ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਦੀ ਸ਼ੁਰੂਆਤ ਤੋਂ ਬਾਅਦ ਦੀ ਕਰਮ-ਭੂਮੀ ਜ਼ਿਲ੍ਹਾ ਪਟਿਆਲਾ ਤੇ ਹੁਣ ਕੈਨੇਡਾ ਦੀ ਓਪਰੀ ਧਰਤੀ ਦੀਆਂ ਖ਼ੂਬੀਆਂ ਦਾ ਜ਼ਿਕਰ ਵੀ ਮਾਣ ਨਾਲ ਕਰਦਾ ਹੈ।

''ਵਤਨ ਦੀ ਮਿੱਟੀ'' ਵਿੱਚ ਸ਼ਾਮਲ ਕਵਿਤਾ ਦੇ ਪਿਛੋਕੜ ਵਿੱਚ ਪੰਜਾਬੀ ਸਭਿਆਚਾਰ ਦੇ ਵਿਭਿੰਨ ਪਾਸਾਰ, ਕੁਰਬਾਨੀਆਂ ਭਰਿਆ ਇਤਿਹਾਸ ਅਤੇ ਸਮਾਜਿਕ ਰਿਸ਼ਤਿਆਂ-ਨਾਤਿਆਂ ਭਰਿਆ ਸੰਸਾਰ ਕਾਰਜਸ਼ੀਲ ਹੈ। ਕਵੀ ਵਤਨ ਦੀ ਮਿੱਟੀ ਨੂੰ ਨਤਮਸਤਕ ਹੁੰਦਿਆਂ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਜੁਝਣ ਵਾਲੇ ਯੋਧਿਆਂ ਦੇ ਰੋਲ ਅਤੇ ਉਹਨਾਂ ਦੀ ਦੇਣ ਪ੍ਰਤੀ ਸ਼ਰਧਾ ਦੀ ਭਾਵਨਾ ਰਖਦਾ ਹੈ।

ਇੱਕ ਬੂਟਾ ਲਾਇਆ ਸੀ, ਗਦਰੀ ਬਾਬਿਆਂ ਨੇ
ਇਹਨੂੰ ਖ਼ੂਨ ਨਾਲ ਸਿੰਜਿਆ, ਭਗਤ ਸਰਾਭਿਆਂ ਨੇ,
ਇਹ ਦੇਣ ਸ਼ਹੀਦਾਂ ਦੀ, ਜੋ ਮਾਣਦਾ ਛਾਵਾਂ ਮੈਂ।

ਪੰਜਾਬੀ ਸਭਿਆਚਾਰ ਵਿੱਚ ਪੁਰਾਣੇ ਸਮੇਂ ਤੋਂ ਹੀ ਲੜਕੀਆਂ ਦੇ ਮੁਕਾਬਲੇ ਲੜਕਿਆਂ ਨੂੰ ਤਰਜੀਹ ਦਿੱਤੀ ਜਾਂਦੀ ਰਹੀ ਹੈ। ਮੈਡੀਕਲ ਸਾਇੰਸ ਦੀ ਤਰੱਕੀ ਤੋਂ ਬਾਅਦ ਮਾਦਾ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਘੱਟ ਗਿਣਤੀ ਦੇ ਸਮਾਜਿਕ ਪ੍ਰਭਾਵਾਂ ਬਾਰੇ ਚੇਤਨਤਾ ਹਿੱਤ ਲਿਖਦਾ ਹੈ।

ਬਿਨ ਡੋਲੀ ਤੋਂ ਧੀ ਤੋਰਕੇ ਨੂੰਹ ਦੇ ਸ਼ਗਨ ਮਨਾਵੇਂ
ਜੇਕਰ ਧੀ ਹੀ ਨਾ ਜੰਮੀ, ਦੱਸਦੇ ਨੂੰਹ ਤੂੰ ਕਿੱਥੋਂ ਲਿਆਵੇਂ।

ਵਿਚਾਰਧੀਨ ਪੁਸਤਕ ਵਿੱਚ ਅਜੋਕੇ ਭ੍ਰਿਸ਼ਟ ਰਾਜਨੀਤਕ ਪ੍ਰਬੰਧ ’ਤੇ ਵੀ ਥਾਂ-ਪੁਰ-ਥਾਂ ਕਟਾਖ਼ਸ਼ ਹੈ। ਇਸ ਵਿੱਚ ਅਮੀਰ-ਗਰੀਬ ਵਿੱਚ ਵੱਧ ਰਹੇ ਪਾੜੇ ਅਤੇ ਸਮਾਜਿਕ ਪ੍ਰਬੰਧ ਵਿਚਲੇ ਮਾਨਵ ਵਿਰੋਧੀ ਸਰੋਕਾਰਾਂ ਦੀ ਨਿਸ਼ਾਨਦੇਹੀ ਤੇ ਆਦਰਸ਼ਕ ਹੱਲ ਬਾਰੇ ਚਿੰਤਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਵਿੱਚ ਆਜ਼ਾਦੀ ਤੋਂ ਬਾਅਦ ਦੇਸ਼ ਦੀ ਬਦਤਰ ਹਾਲਤ ਬਾਰੇ ਵੇਦਨਾ ਦਾ ਪ੍ਰਗਟਾ ਵੇਖਣਯੋਗ ਹੈ।

ਕੇਹੀ ਸਾਨੂੰ ਮਿਲੀ ਅਜ਼ਾਦੀ, ਹਾਲਤ ਬਦਤਰ ਹੋਈ
ਵੋਟਾਂ ਦੀ ਪਰਚੀ ਨੇ ਸਾਨੂੰ, ਕਿਤੇ ਨ ਦਿੱਤੀ ਢੋਈ।

ਬਲਜੀਤ ਸਿੰਘ ਭਲੂਰੀਆ ਭਾਰਤੀ ਲੀਡਰਾਂ ਦੇ ਭ੍ਰਿਸ਼ਟ ਕਿਰਦਾਰ ਅਤੇ ਕੁਰਸੀ ਪ੍ਰਤੀ ਮੋਹ ਨੂੰ ‘ਕੁਰਸੀ’ ਅਤੇ ‘ਮੇਰਾ ਦੇਸ਼ ਮਹਾਨ’ ਰਾਹੀਂ ਬਾਖ਼ੂਬੀ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿੱਚ ਮਾਂ, ਭੈਣ, ਪਤੀ-ਪਤਨੀ, ਦਾਦੀ, ਤਾਈ, ਸੱਜਣਾਂ-ਮਿੱਤਰਾਂ ਆਦਿ ਨਾਲ ਨਿੱਜੀ ਮੋਹ ਦੇ ਰਿਸ਼ਤਿਆਂ ਪ੍ਰਤੀ ਖੁਸ਼ੀ, ਗ਼ਮ ਤੇ ਹੇਰਵੇ ਦੇ ਭਾਵਾਂ ਦੀ ਕਲਾਮਈ ਅਭਿਵਿਅਕਤੀ ਪਾਠਕ/ਸਰੋਤੇ ਦੀ ਰੂਹ ਨੂੰ ਸਰਸ਼ਾਰ ਕਰਨ ਦੇ ਸਮਰੱਥ ਹੈ। ਜੋ ‘ਪਰਾਇਆ ਧਨ’, ‘ਦਿਉਰ-ਭਰਜਾਈ’, ‘ਬੱਚੇ ਦੇ ਜਨਮ ਦਿਨ ’ਤੇ’, ‘ਮਾਂ ਦੇ ਨਾਂ’, ‘ਤਾਈ ਦਾ ਵਿਹੜਾ’, ‘ਤੂੰ-ਤੂੰ, ਮੈਂ-ਮੈਂ’ ਆਦਿ ਰਚਨਾਵਾਂ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ।

ਬਲਜੀਤ ਸਿੰਘ ਭਲੂਰੀਆ ਦੀ ਕਵਿਤਾ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਉਸ ਦੀ ਦ੍ਰਿਸ਼ਟੀ ਮਾਨਵ ਨੂੰ ਦਰਪੇਸ਼ ਹਰ ਸਮੱਸਿਆ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਉਹ ਸਮਾਜਿਕ ਸਾਂਝੀਵਾਲਤਾ, ਮਨੁੱਖੀ ਬਰਾਬਰੀ ਅਤੇ ਸੱਚੇ ਧਰਮ ਅਧਾਰਿਤ ਸਮਾਜ ਦੀ ਸਿਰਜਣਾ ਦੀ ਕਾਮਨਾ ਕਰਦਾ ਪ੍ਰਤੀਤ ਹੁੰਦਾ ਹੈ। ਉਸ ਦੀ ਕਲਮ ਸਮੇਂ ਦੀ ਹਾਣੀ ਅਤੇ ਸਮਾਜ ਦੀ ਬਿਹਤਰੀ ਲਈ ਯਤਨਸ਼ੀਲ ਹੈ।

ਬਲਜੀਤ ਸਿੰਘ ਭਲੂਰੀਆ ਮਾਨਵੀ ਸੰਵੇਦਨਾ ਨਾਲ ਓਤ-ਪੋਤ ਸ਼ਾਇਰ ਹੈ। ਮੈਨੂੰ ਪੂਰਨ ਉਮੀਦ ਹੈ ਕਿ ਉਸਦੀ ਸ਼ਾਇਰੀ ਆਉਣ ਵਾਲੇ ਸਮੇਂ ਵਿੱਚ ਬੁਲੰਦੀਆਂ ਛੂਹੇਗੀ। ਉਸਦੀ ਕਵਿਤਾ ਦਾ ਵਿਕਾਸ ਆਉਣ ਵਾਲੇ ਸਮੇਂ ਵਿੱਚ ਜਾਰੀ ਰਹੇਗਾ ਅਤੇ ਉਹ ਆਪਣੀ ਸਮਰੱਥਾ ਨੂੰ ਹੋਰ ਬਿਹਤਰੀਨ ਤਰੀਕੇ ਨਾਲ ਵਿਅਕਤ ਕਰੇਗਾ।

"ਵਤਨ ਦੀ ਮਿੱਟੀ" ਕਾਵਿ ਸੰਗ੍ਰਹਿ ਦੇ ਪੰਜਾਬੀ ਕਾਵਿ-ਜਗਤ ਵਿੱਚ ਪ੍ਰਵੇਸ਼ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ। ਆਸ ਹੈ ਪੰਜਾਬੀ ਸਾਹਿਤ ਪ੍ਰੇਮੀ ਇਸ ਕਾਵਿ-ਸੰਗ੍ਰਹਿ ਨੂੰ ਮਾਨਣ ਦੇ ਨਾਲ-ਨਾਲ ਨਰੋਈਆਂ ਕਦਰਾਂ-ਕੀਮਤਾਂ ਵੀ ਗ੍ਰਹਿਣ ਕਰਨਗੇ।

**ਡਾ. ਰਣਜੋਧ ਸਿੰਘ ਸਿੱਧੂ**
98155-46667

## ਦੋ ਸ਼ਬਦ

ਨਵੀਂ ਪੀੜ੍ਹੀ ਦੇ ਪੰਜਾਬੀ ਸ਼ਾਇਰਾਂ ਵਿੱਚ ਭਰਪੂਰ ਸੰਭਾਵਨਾਵਾਂ ਵੇਖਣ ਵਿੱਚ ਆ ਰਹੀਆਂ ਹਨ। ਸਮਾਜਕ ਸਰੋਕਾਰਾਂ ਨੂੰ ਵੇਖਣ ਤੇ ਮਹਿਸੂਸ ਕਰਨ ਦਾ ਉਹਨਾਂ ਦਾ ਆਪਣਾ ਨਿਵੇਕਲਾ ਢੰਗ ਹੈ। ਸਮਾਜਕ ਤਾਣੇ-ਬਾਣੇ ਨੂੰ ਸ਼ਿੱਦਤ ਨਾਲ ਮਹਿਸੂਸ ਕਰਕੇ ਸ਼ਾਇਰੀ ਦੇ ਰੂਪ ਵਿੱਚ ਕਲਮਬੱਧ ਕਰਨ ਵਾਲਾ ਅਜਿਹਾ ਹੀ ਸ਼ਾਇਰ ਹੈ- ਬਲਜੀਤ ਭਲੂਰੀਆ ਜੋ ਆਪਣਾ ਦੂਸਰਾ ਕਾਵਿ-ਸੰਗ੍ਰਹਿ "ਵਤਨ ਦੀ ਮਿੱਟੀ" ਲੈ ਕੇ ਸਾਡੇ ਸਨਮੁੱਖ ਹੋਇਆ ਹੈ।

ਬਲਜੀਤ ਭਲੂਰੀਆ ਦੀ ਕਵਿਤਾ ਬਹੁਭਾਂਤੀ ਹੈ। ਸਮਾਜਕ, ਰਾਜਨੀਤਕ, ਆਰਥਿਕ, ਧਾਰਮਿਕ, ਵਿਅਕਤੀਗਤ ਅਤੇ ਸਾਂਸਕ੍ਰਿਤਕ ਚੇਤਨਾ ਵਾਲੇ ਵਿਸ਼ੇ ਉਸ ਦੀ ਕਵਿਤਾ ਦਾ ਅਧਾਰ ਬਣਦੇ ਹਨ। ਮਾਨਵਤਾ ਮਾਨਵਤਾ ਨੂੰ ਖਾ ਰਹੀ ਹੈ, ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਇੱਕ ਦੂਜੇ ਨੂੰ ਨੀਵਾਂ ਵਿਖਾ ਕੇ ਆਪਣੀ ਹਉਂ ਨੂੰ ਪੱਠੇ ਪੁਆਉਣ ਵਰਗੇ ਮਾਹੌਲ ਨੇ ਮਨੁੱਖ ਦਾ ਸਾਹ ਘੁੱਟ ਦਿੱਤਾ ਹੈ। ਪ੍ਰਕਿਰਤਕ ਸਾਂਭ-ਸੰਭਾਲ ਦੀ ਥਾਂ ਅੱਜ ਦਾ ਮਨੁੱਖ ਵਿਨਾਸ਼ਕਾਰੀ ਸੋਚ ਦਾ ਮਾਲਕ ਬਣ ਚੁੱਕਾ ਹੈ। ਭਲੂਰੀਆ ਦੀਆਂ ਇਹਨਾਂ ਵੰਨ-ਸੁਵੰਨੀਆਂ ਕਵਿਤਾਵਾਂ ਵਿੱਚੋਂ ਇਸੇ ਹੀ ਦਰਦ ਦਾ ਚਿਤਰਣ ਮਿਲਦਾ ਹੈ। ਉਸ ਨੂੰ ਇਸ ਗੱਲ ਦਾ ਰੁਦਨ ਹੈ ਕਿ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋ ਚੁੱਕਾ ਹੈ। ਜਿਸ ਸਮਾਜ ਵਿੱਚ ਨਾਰੀ ਦਾ ਸਤਿਕਾਰ ਨਹੀਂ, ਉਸ ਸਮਾਜ ਵਿੱਚ ਸਭਿਆਚਾਰਕ ਸਾਂਝ ਅਤੇ ਮੁਹੱਬਤ ਦੀ ਬਗੀਚੀ ਵਿੱਚੋਂ ਅਪਣੱਤ ਅਤੇ ਬਰਾਬਰਤਾ ਦੀ ਖੁਸ਼ਬੂ ਆਉਣੀ ਨਾਮੁਮਕਿਨ ਹੈ।

ਬਲਜੀਤ ਭਲੂਰੀਆ ਆਪਣੀ ਸ਼ਾਇਰੀ ਨੂੰ ਸਮਾਜ ਲਈ ਕਾਰਗਰ ਬਣਾ ਕੇ ਪੇਸ਼ ਕਰਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚੋਂ ਸਾਵੇਂ ਪੱਧਰੇ ਤੇ ਖੁਸ਼ਹਾਲ ਸਮਾਜ ਦੀ ਨਰੋਈ ਉਸਾਰੀ ਕਰਨ ਦੇ ਸੁਨੇਹੇ ਮਿਲਦੇ ਹਨ। ਇਸ ਸੰਦਰਭ ਵਿੱਚ ਉਸ ਦੀਆਂ ਅਨੇਕ ਕਵਿਤਾਵਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਵਿੱਚ 'ਵਤਨ', 'ਕਿੱਥੇ ਗਈਆਂ ਲੋਰੀਆਂ', 'ਕਲਾਕਾਰ ਨੂੰ', 'ਦੱਬੀ ਅੱਗ', 'ਪਰਾਇਆ ਧਨ', 'ਸੱਜਣਾਂ ਦੀ ਆਮਦ 'ਤੇ', 'ਗੱਲ ਸੁਣ ਮੇਰੀ' ਆਦਿ ਪ੍ਰਮੁੱਖ ਹਨ। ਇਸ ਸੰਗ੍ਰਹਿ ਵਿੱਚ ਭਲੂਰੀਆ ਨੇ 'ਕੁਰਸੀ', 'ਲੀਡਰ', 'ਮੇਰਾ ਦੇਸ਼ ਮਹਾਨ' ਅਤੇ 'ਤੂੰ-ਤੂੰ, ਮੈਂ-ਮੈਂ' ਵਰਗੀਆਂ ਕਵਿਤਾਵਾਂ ਵਿੱਚ ਤਨਜ਼-ਓ-ਮਜ਼ਾਹ ਦੀ ਵਰਤੋਂ ਕੀਤੀ ਹੈ। ਉਹ ਜਾਣਦਾ ਹੈ ਕਿ

ਵਿਅੰਗ ਰਾਹੀਂ ਕਵਿਤਾ ਦੇ ਪ੍ਰਭਾਵ ਨੂੰ ਅਸਰ ਅੰਦਾਜ਼ ਕੀਤਾ ਜਾ ਸਕਦਾ ਹੈ। ਮਾਸੂਮ ਬਚਪਨ ਅਤੇ ਬਾਲ-ਸਾਹਿਤ ਨਾਲ ਸਬੰਧਤ ਨਜ਼ਮਾਂ ਵਿੱਚ ਭਲੂਰੀਆ ਨੇ ਇਸ ਸੰਗ੍ਰਹਿ ਵਿੱਚ ਬਾਲਾਂ ਦੀ ਲੋੜ ਨੂੰ ਵੀ ਪੂਰਾ ਕੀਤਾ ਹੈ। ਗ਼ਜ਼ਲਾਂ ਅਤੇ ਗੀਤਾਂ ਰਾਹੀਂ ਰੁਮਾਂਟਿਕ ਜਜ਼ਬੇ ਵੀ ਭਲੂਰੀਆ ਨੇ ਪ੍ਰਗਟ ਕੀਤੇ ਹਨ ਪਰ ਕਿਤੇ ਕਿਤੇ ਕਈ ਕਵਿਤਾਵਾਂ ਦਾ ਪ੍ਰਭਾਵ ਹਲਕਾ ਵੀ ਰਹਿ ਗਿਆ ਹੈ। ਆਸ ਹੈ, ਮਿਹਨਤ ਨਾਲ ਭਲੂਰੀਆ ਸ਼ਾਇਰੀ ਵਿੱਚ ਹੋਰ ਵੀ ਦਿਲਚਸਪੀ ਪੈਦਾ ਕਰੇਗਾ।

ਮੈਂ ਇਸ ਸ਼ਾਇਰ ਦੇ ਇਸ ਕਾਵਿ-ਸੰਗ੍ਰਹਿ ਦੀ ਪ੍ਰਕਾਸ਼ਨਾ ਦੇ ਮੌਕੇ 'ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਉਸ ਦੀ ਸ਼ਾਇਰੀ ਹੋਰ ਨਿੱਖਰਵੇਂ ਰੂਪ ਵਿੱਚ ਸਾਹਮਣੇ ਆਵੇਗੀ।

ਆਮੀਨ!

**ਦਰਸ਼ਨ ਸਿੰਘ ਆਸ਼ਟ**
ਪੰਜਾਬੀ ਯੂਨੀਵਰਸਿਟੀ ਕੈਂਪਸ,
ਪਟਿਆਲਾ- 147002
ਮੋਬਾਈਲ: 9814423703

ਮਿਤੀ: 6 ਅਕਤੂਬਰ, 2010

## ਦੋ ਸ਼ਬਦ ਆਪਣੇ ਵੱਲੋਂ

ਜਦੋਂ ਮੈਂ ਪਿੱਛੇ ਅਤੀਤ 'ਤੇ ਝਾਤ ਮਾਰਦਾ ਹਾਂ ਤਾਂ ਅੱਜ ਅਤੇ ਉਸ ਸਮੇਂ ਦਰਮਿਆਨ ਢੇਰ ਸਾਰੀਆਂ ਅਣ-ਸੁਖਾਵੀਆਂ ਅਤੇ ਗੈਰ-ਮੌਸਮੀਆਂ ਤਬਦੀਲੀਆਂ ਦੇਖਦਾ ਹਾਂ।

ਪਸ਼ੂਆਂ ਦੀਆਂ ਚਰਾਂਦਾਂ ਖਤਮ, ਖੂਹ-ਟੋਭੇ ਪੂਰੇ ਜਾ ਰਹੇ ਨੇ, ਨਲਕੇ ਪਾਣੀ ਦੇਣਾ ਛੱਡ ਗਏ, ਸਾਉਣ ਵਿੱਚ ਸੋਕੇ ਅਤੇ ਕੱਤੇ ਵਿੱਚ ਹਨ੍ਹੇਰੀਆਂ ਚਲਦੀਆਂ ਹਨ। ਪਿੰਡ 'ਚ ਖੇਡਣ ਵਾਲੀਆਂ ਰੌੜਾਂ ਵਿੱਚ ਘਰ ਬਣ ਗਏ, ਕੱਚਿਆਂ ਦੀ ਥਾਂ ਪੱਕੇ ਬਣੇ ਤਾਂ ਪੰਛੀਆਂ ਤੋਂ ਆਲ੍ਹਣੇ ਬਣਾਉਣ ਦੀਆਂ ਥਾਵਾਂ ਖੁੱਸ ਗਈਆਂ, ਦਰਖਤਾਂ ਦੀ ਅੰਨ੍ਹੇਵਾਹ ਕਟਾਈ ਨੇ ਸਾਥੋਂ ਠੰਢੀਆਂ ਛਾਂਵਾਂ ਖੋਹ ਲਈਆਂ, ਹਰ ਦੂਜਾ, ਤੀਜਾ ਆਦਮੀ ਬਿਮਾਰ ਜਾਂ ਵਿੰਗ੍ਹਾ-ਟੇਢਾ ਤੁਰਦਾ ਦਿਖਾਈ ਦਿੰਦਾ ਹੈ। ਸੱਥਾਂ ਵਿੱਚ ਬੁੱਢੇ ਬਾਬੇ ਘੱਟ ਦਿਖਦੇ ਹਨ ਅਤੇ ਨਸ਼ੇੜੀ ਜਵਾਨ ਜ਼ਿਆਦਾ।

ਇਸ ਧਰਤੀ ਨੂੰ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ, ਭਗਤਾਂ ਅਤੇ ਸੂਫ਼ੀਆਂ ਜਿਹੇ ਮਹਾਨ ਵਿਅਕਤੀਆਂ ਦੀ ਚਰਨ ਛੋਹ ਪ੍ਰਾਪਤ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਧਰਮ ਪ੍ਰਚਾਰ ਵੀ ਸਵੇਰੇ-ਸ਼ਾਮ ਹੁੰਦਾ ਹੈ। ਗੁਰਬਾਣੀ ਨੂੰ ਅਸੀਂ ਪੜ੍ਹੀ ਤਾਂ ਜਾ ਰਹੇ ਹਾਂ ਪਰ ਇਸ ਉੱਪਰ ਅਮਲ ਦੀ ਘਾਟ ਆ ਰਹੀ ਹੈ। ਗੁਰੂ ਸਿੱਖਿਆ ਤੋਂ ਉਲਟ ਪ੍ਰਵਿਰਤੀਆਂ ਭਾਰੂ ਹਨ। ਜਵਾਨੀ ਨਸ਼ੇ ਵਿੱਚ ਰੁੜ੍ਹ ਰਹੀ ਹੈ। ਬੱਚੀਆਂ ਨੂੰ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ। ਸੱਜਣ ਠੱਗਾਂ ਦੀ ਭਰਮਾਰ ਹੈ। ਮਲਕ ਭਾਗੋ ਹੋਰ ਅਮੀਰ ਅਤੇ ਕਿਰਤੀ ਲਾਲੋ ਹੋਰ ਗਰੀਬ ਹੋ ਰਿਹਾ ਹੈ। ਨੈਤਿਕ ਕਦਰਾਂ-ਕੀਮਤਾਂ ਅਲੋਪ ਹੋ ਰਹੀਆਂ ਹਨ। ਵੰਡ ਛਕਣ ਦੀ ਥਾਂ ਅਸੀਂ ਇੱਕ ਦੂਜੇ ਤੋਂ ਖੋਹ ਕੇ ਖਾ ਰਹੇ ਹਾਂ।

ਰਾਜਨੀਤਿਕ ਗੰਧਲ-ਚਾਲ ਅਤੇ ਪਦਾਰਥਕ ਦੌੜ ਕਰਕੇ ਲੋਕਾਂ ਅੰਦਰ ਅਨਿਸ਼ਚਿਤਤਾ ਬਣੀ ਹੋਈ ਹੈ। ਇੱਕ ਤਰ੍ਹਾਂ ਨਾਲ ਆਪੋ-ਧਾਪੀ ਅਤੇ ਹਫੜਾ-ਦਫੜੀ ਦਾ ਮਾਹੌਲ ਬਣਿਆ ਹੋਇਆ ਹੈ। ਆਪਣਾ ਆਪਣੇ ਨੂੰ ਨਹੀਂ ਪਛਾਣ ਰਿਹਾ ਅਤੇ ਮਨੁੱਖ ਅੰਨ੍ਹਾ ਹੋਇਆ ਦੌੜੀ ਜਾ ਰਿਹਾ ਹੈ। ਕੋਈ ਭੀੜ ਅੰਦਰ ਡਿੱਗ ਰਿਹੈ, ਢਹਿ ਰਿਹੈ, ਜਾਂ ਪੈਰਾਂ ਥੱਲੇ ਲਿਤਾੜਿਆ ਜਾ ਰਿਹੈ, ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਇਸ ਤਰ੍ਹਾਂ ਪ੍ਰਾਣੀ ਅੰਦਰਲਾ ਮਨੁੱਖ ਮਰ ਰਿਹਾ ਹੈ। ਸਿੱਟੇ ਵਜੋਂ ਸਮਾਜਿਕ, ਆਰਥਿਕ, ਭਾਈਚਾਰਕ ਤਾਣਾ-ਬਾਣਾ ਉਲਝ ਕੇ ਰਹਿ ਗਿਆ ਹੈ।

ਸੋ ਇਸ ਤਰ੍ਹਾਂ ਆਈਆਂ ਕਈ ਤਬਦੀਲੀਆਂ ਨੇ ਮਨੁੱਖੀ, ਸਮਾਜਿਕ, ਆਰਥਿਕ ਅਤੇ ਕੁਦਰਤੀ ਸੰਤੁਲਨ, ਵਿੱਚ ਵੱਡੇ ਵਿਗਾੜ ਪੈਦਾ ਕੀਤੇ ਹਨ। ਇਹੀ ਵਿਗਾੜ, ਇੱਕ ਸੰਵੇਦਨਸ਼ੀਲ ਮਨ ਲਈ ਕਲਾ ਦੇ ਕੇਂਦਰੀ ਬਿੰਦੂ ਬਣ ਜਾਂਦੇ ਹਨ। ਇਸ ਪੁਸਤਕ ਵਿਚਲੀਆਂ ਬਹੁਤੀਆਂ ਕਵਿਤਾਵਾਂ ਦੇ ਵਿਸ਼ੇ ਇਹਨਾਂ ਤਬਦੀਲੀਆਂ ਵਿੱਚੋਂ ਮਿਲੇ ਹਨ। ਜਿਨ੍ਹਾਂ ਨੂੰ ਮੈਂ ਆਪਣੀ ਤੁੱਛ ਜਿਹੀ ਬੁੱਧੀ ਨਾਲ ਕਲਮ ਬੱਧ ਕਰਕੇ ਸੁਹਿਰਦ ਪਾਠਕਾਂ ਅੱਗੇ ਪੇਸ਼ ਕੀਤਾ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਪਾਠਕ ਆਪਣੀ ਕੀਮਤੀ ਰਾਏ ਜ਼ਰੂਰ ਦੇਣਗੇ। ਮੈਂ ਇਸਦੀ ਉਡੀਕ ਕਰਾਂਗਾ।

ਪਾਠਕਾਂ ਦੇ ਹੁੰਗਾਰੇ ਦਾ ਆਸਵੰਦ....

**ਬਲਜੀਤ ਸਿੰਘ ਧੀਮਾਨ**
ਭਲੂਰੀਆ
ਪਿੰਡ ਤੇ ਡਾ. ਭਲੂਰ
ਤਹਿ. ਬਾਘਾਪੁਰਾਣਾ
ਜ਼ਿਲ੍ਹਾ- ਮੋਗਾ, ਪੰਜਾਬ

# ਧੰਨਵਾਦ

ਮੈਂ ਧੰਨਵਾਦੀ ਹਾਂ

* ਪਿੰਡ ਭਲੂਰ ਦੀ ਸਰਜ਼ਮੀਨ ਦਾ ਜਿਸ 'ਤੇ ਜਨਮ ਤੋਂ ਰਿੜ੍ਹਨ, ਖਲੋਣ, ਤੁਰਨ, ਖੇਡਣ ਅਤੇ ਪੜ੍ਹਨ ਦਾ ਸਫ਼ਰ ਤੈਹ ਕੀਤਾ। ਪਰਿਵਾਰ, ਦੋਸਤਾਂ, ਮਿੱਤਰਾਂ ਅਤੇ ਸਨੇਹੀਆਂ ਦਾ ਜਿਨ੍ਹਾਂ ਨੇ ਖੁਸ਼ਗਵਾਰ ਮਾਹੌਲ ਦਿੱਤਾ।
* ਮਾਂ-ਬੋਲੀ ਪੰਜਾਬੀ ਦਾ ਜਿਸਨੇ ਇਸ ਗੰਵਾਰ ਜਹੀ ਕਲਮ ਨੂੰ ਸ਼ਬਦਾਂ ਦੀ ਉਂਗਲ ਫੜਾ ਕੇ ਤੁਰਨ ਦੀ ਜਾਚ ਸਿਖਾਈ।
* ਧਰਮ-ਪਤਨੀ ਸ਼੍ਰੀਮਤੀ ਹਰਵਿੰਦਰ ਕੌਰ ਦਾ ਜਿਨ੍ਹਾਂ ਬੜੇ ਹੌਸਲੇ ਅਤੇ ਸਿਆਣਪ ਨਾਲ ਇਸ ਨਿਕੰਮੇ ਨੂੰ ਬਾਹੋਂ ਫੜ੍ਹ ਕੇ ਆਪਣੇ ਨਾਲ ਤੋਰਿਆ। ਜ਼ਿੰਦਗੀ ਦੇ ਉੱਚੇ-ਨੀਵੇਂ ਰਸਤਿਆਂ 'ਚੋਂ ਮਸਾਂ ਖਿੱਚ-ਧੂਹ ਕੇ ਸਾਬਤ ਸਬੂਤ ਬਾਹਰ ਕੱਢਿਆ।
* ਫੁੱਲਾਂ ਵਰਗੀ ਕੋਮਲ, ਮਹਿਕਦੀ ਅਤੇ ਹਮੇਸ਼ਾਂ ਹਸੂੰ-ਹਸੂੰ ਕਰਦੀ ਅਧਿਆਪਕ ਜੋੜੀ, ਪੰਜਾਬੀ ਅਧਿਆਪਕ ਸ. ਕੁਲਦੀਪ ਸਿੰਘ ਸਮਾਣਾ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਭੁਪਿੰਦਰ ਕੌਰ ਦਾ ਜਿਨ੍ਹਾਂ ਦੀ ਮੋਤੀਆਂ ਵਰਗੀ ਲਿਖਾਈ ਨੇ ਮੇਰਾ ਲਿਖਣ ਅਤੇ ਸੋਧਣ ਦਾ ਸਾਰਾ ਬੋਝ ਉਠਾ ਲਿਆ।
* ਵਿਦਵਾਨ ਸਾਹਿਤਕਾਰ, ਸੁਹਿਰਦ ਅਧਿਆਪਕ ਅਤੇ ਸੂਝਵਾਨ ਦੋਸਤ ਡਾ: ਰਣਜੋਧ ਸਿੰਘ ਧਨੇਠਾ ਦਾ ਜਿਨ੍ਹਾਂ ਇਸ ਕਿਤਾਬ ਦੇ ਮੁੱਢ ਬੱਝਣ ਤੋਂ ਛਪਾਈ ਤੱਕ ਦੇ ਸਫਰ ਵਿੱਚ ਮੋਢੇ ਨਾਲ ਮੋਢਾ ਲਾ ਕੇ ਸਾਥ ਦਿੱਤਾ।

## ਵਤਨ ਦੀ ਮਿੱਟੀ

ਸੋਹਣੇ ਵਤਨ ਦੀ ਮਿੱਟੀ ਨੂੰ ਮਸਤਕ ਲਾਵਾਂ ਮੈਂ।
ਇਹਦੀ ਵੱਖਰੀ ਸ਼ਕਤੀ ਤੋਂ, ਬਲਿਹਾਰੇ ਜਾਵਾਂ ਮੈਂ।

ਇੱਕ ਬੂਟਾ ਲਾਇਆ ਸੀ, ਗਦਰੀ ਬਾਬਿਆਂ ਨੇ।
ਇਹਨੂੰ ਖੂਨ ਨਾਲ ਸਿੰਜਿਆ, ਭਗਤ ਸਰਾਭਿਆ ਨੇ।
ਇਹ ਦੇਣ ਸ਼ਹੀਦਾਂ ਦੀ ਹੈ, ਜੋ ਮਾਣਦਾ ਛਾਵਾਂ ਮੈਂ।
ਸੋਹਣੇ ..........................

ਜਿੱਥੇ ਗੁਰੂਆਂ-ਪੀਰਾਂ ਨੇ, ਪੈਰ ਟਿਕਾਇਆ ਹੈ।
ਚਿੜੀਆਂ ਤੇ ਗਿੱਦੜਾਂ ਤੋਂ ਸ਼ੇਰ ਮਰਾਇਆ ਹੈ।
ਸਰਹੰਦ ਦੀਆਂ ਕੰਧਾਂ ਦੇ, ਤਾਈਓਂ ਕਿੱਸੇ ਗਾਵਾਂ ਮੈਂ।
ਸੋਹਣੇ .........................

ਹਰੇ ਖੇਤ ਪਹਾੜਾਂ ਨੇ, ਤੇਰੀ ਮਾਂਗ ਸਜਾਈ ਨੀਂ।
ਨਦੀਆਂ ਦਰਿਆਵਾਂ ਨੇ, ਰਲ਼ ਮਹਿੰਦੀ ਲਾਈ ਨੀ।
ਮਾਂ ਸਦਾ ਸੁਹਾਗਣ ਦੇ, ਸਾਰੇ ਸ਼ਗਨ ਮਨਾਵਾਂ ਮੈਂ।
ਸੋਹਣੇ .....................

ਜਲ੍ਹਿਆਂ ਦੇ ਬਾਗਾਂ ਦੀ, ਹੈ ਸੁਣੀ ਕਹਾਣੀ ਨੀ।
ਫੇਰ ਮਾਈ ਭਾਗੋ ਤੇ, ਝਾਂਸੀ ਦੀ ਰਾਣੀ ਨੀ।
ਲੱਖਾਂ ਤੇਰੀਆਂ ਬਾਤਾਂ ਨੇ, 'ਬਲਜੀਤ' ਸੁਣਾਵਾਂ ਮੈਂ।
ਸੋਹਣੇ .......................

➢➢➢

## ਮੇਰਾ-ਮੇਰਾ ਕਰਦੈਂ ਬੰਦਿਆ

ਮੇਰਾ ਮੇਰਾ ਕਰਦੈਂ ਬੰਦਿਆ, ਦੱਸ ਮੇਰੇ ਵਿੱਚ ਕੀ?
ਤੇਰਾ ਭਾਣਾ ਮੀਠਾ ਲਾਗੈ, ਉਸ ਭਾਣੇ ਵਿੱਚ ਜੀ।

ਅੰਮ੍ਰਿਤ ਵੇਲੇ ਉੱਠ ਕੇ ਪੰਛੀ, ਦਾਤੇ ਦੇ ਗੁਣ ਗਾਉਂਦੇ।
ਜੀਓ ਆਪ ਤੇ ਜੀਵਣ ਦਿਓ ਦਾ, ਤੈਨੂੰ ਪਾਠ ਪੜ੍ਹਾਉਂਦੇ।
ਰੁੱਖਾ ਮਿੱਸਾ ਚੋਗਾ ਚੁਗਕੇ, ਲਾਉਂਦੇ ਰੱਬ ਨਾਲ ਜੀਅ।
ਉਸ ਭਾਣੇ .........................

ਹਿੰਦੂ ਮੁਸਲਿਮ ਸਿੱਖ ਇਸਾਈ, ਕਦੇ ਜਹੂਦੀ ਬਣਦਾ।
ਹੋਰ ਤਾਂ ਸਭ ਕੁਝ ਬਣ ਜਾਵੇਂ, ਪਰ ਕਦੇ ਇਨਸਾਨ ਨ ਬਣਦਾ
ਸਰਬ ਸਾਂਝੀ ਗੁਰਬਾਣੀ ਅੰਮ੍ਰਿਤ, ਗੱਟ-ਗੱਟ ਕਰਕੇ ਪੀ।
ਉਸ ਭਾਣੇ ............................

ਠੱਗੀ ਚੋਰੀ ਮਾਰਕੇ ਬੰਦਿਆਂ, ਉੱਚੇ ਮਹਿਲ ਬਣਾਵੇਂ।
ਸੱਚੀ ਸੁੱਚੀ ਮਿਹਨਤ ਬਾਝੋਂ, ਰੇਤ ਵਾਂਗ ਕਿਰ ਜਾਵੇਂ
ਆਇਆ ਤੂਫ਼ਾਨ ਤੇ ਸਭ ਕੁਝ ਰੁੜਗਿਆ, ਲੈ ਗਿਆ ਜਿਸਦਾ ਸੀ।
ਉਸ ਭਾਣੇ ..........................

ਪਿੰਡ 'ਭਲੂਰ' ਚ ਰਾਜ ਹੈ ਮੇਰਾ, ਬਣਿਆ ਫਿਰੇਂ ਹੰਕਾਰੀ।
ਬਲਜੀਤ ਨਿਮਾਣਿਆਂ ਭੁੱਲ ਬਖਸ਼ਾ ਲੈ, ਲਾ ਸਰੋਵਰ ਤਾਰੀ।
ਗੁਰੂ ਨਾਨਕ ਦੇ ਚਰਨਾਂ ਦੀ ਤੂੰ, ਧੂੜੀ ਬਣਕੇ ਜੀਅ।
ਉਸ ਭਾਣੇ ..........................

➢➢➢

## ਕਿੱਥੇ ਗਈਆਂ ਲੋਰੀਆਂ

ਨੀ ਅਣ ਜੰਮੀਆਂ ਧੀਆਂ ਦੇ
ਅਧ-ਵਾਟਿਓ ਟੁੱਟ ਗਏ ਜੀਆਂ ਦੇ
ਲੇਖਾਂ ਦੀਆਂ ਕਾਪੀਆਂ ਤੂੰ, ਰੱਖੀਆਂ ਕਿਉਂ ਕੋਰੀਆਂ ?
ਦੱਸ ਮਾਏ ਕਿੱਥੇ ਗਈਆਂ, ਸਾਡੇ ਹਿੱਸੇ ਦੀਆਂ ਲੋਰੀਆਂ ?

ਬੋਚ-ਬੋਚ ਰੱਖੇ ਜਦੋਂ ਜੰਮੇ ਸਾਡਾ ਵੀਰ ਨੀ।
ਸਾਡੇ ਵਾਰੀ ਵੱਜ ਜਾਂਦੀ, ਲੇਖਾਂ 'ਤੇ ਲਕੀਰ ਨੀ।
ਕਿੱਥੇ ਗਿਆ ਸਾਡੇ ਵਾਰੀ ਗੋਦੀ ਦਾ ਨੀ ਨਿੱਘ ਤੇਰਾ
ਸੀਨੇ ਨਾਲੋਂ ਤੋੜ ਕੇ ਕਿਉਂ ਨਾਲੀ ਵਿੱਚ ਰੋੜ੍ਹੀਆਂ।
ਦੱਸ ਮਾਏ ..........................

ਦੋ ਤੋਂ ਬਾਦ ਤਿੰਨ ਚਾਰ, ਆ 'ਗੀਆਂ ਧਿਆਣੀਆਂ।
ਵਾਰੋ ਵਾਰੀ ਜੰਮ ਪਈਆਂ, ਰੁੜ੍ਹ ਖੁੜ੍ਹ ਜਾਣੀਆਂ।
ਆਪ ਹੀ ਬੁਲਾ ਕੇ ਤੁਸਾਂ, ਘਾਤ ਕਰ ਦਿੱਤਾ ਮੇਰਾ।
ਹੋਇਆ ਕੀ ਜੇ ਪੁੱਤਾਂ ਦੀਆਂ ਬਣੀਆਂ ਨਾ ਜੋੜੀਆਂ।
ਦੱਸ ਮਾਏ ...........................

ਗੁਰੂ ਨਾਨਕ ਨੇ ਬੇਟੀਆਂ ਨੂੰ ਦਿੱਤੇ ਇਓਂ ਸਨਮਾਨ।
ਤਿਸ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਾਜਾਨ।
ਬਾਬਲ ਜੀ ਤੇਰੇ ਸਿਰ ਟੁੱਟਿਆ ਪਹਾੜ ਕਾਹਤੋਂ।
ਖਿੜਨੇ ਤੋਂ ਪਹਿਲਾਂ ਦੱਸ, ਕਲੀਆਂ ਕਿਉਂ ਤੋੜੀਆਂ।
ਦੱਸ ਮਾਏ .........................

ਬਿਨ ਡੋਲੀ ਤੋਂ ਧੀ ਤੋਰ ਕੇ, ਨੂੰਹ ਦੇ ਸ਼ਗਨ ਮਨਾਵੇਂ।
ਜੇਕਰ ਧੀ ਨਾ ਜੰਮੀ ਦੱਸਦੇ, ਨੂੰਹ ਤੂੰ ਕਿੱਥੋਂ ਲਿਆਵੇਂ।
ਮੇਰੇ ਵਾਰੀ ਧਰਮਾਂ ਵੀ ਅੱਖਾਂ ਮੀਟ ਲਈਆਂ ਮਾਏ।
ਰਾਜਿਆਂ ਵੀ ਰਜਨੀਆਂ, ਪਿੰਗਲੇ ਨੂੰ ਤੋਰੀਆਂ।
ਦੱਸ ਮਾਏ .......................

ਟੁੱਟੇ ਹੋਏ ਬਾਪ ਨੂੰ ਸਹਾਰਾ ਦੇਣ ਬੇਟੀਆਂ।
ਮਾਪਿਆਂ ਨੂੰ ਮਣਾਂ ਮੂੰਹੀਂ ਪਿਆਰ ਦੇਣ ਬੇਟੀਆਂ।
ਬਲਜੀਤ 'ਭਲੂਰੀਏ' ਦੀ ਲੱਥ ਜੇ ਥਕਾਣ ਜਦੋਂ।
ਗਲੇ ਵਿੱਚ ਪਾਉਣ ਧੀਆਂ, ਬਾਹਵਾਂ ਦੀਆਂ ਜੋੜੀਆਂ।
ਦੱਸ ਮਾਏ .......................

➢➢➢

## ਔਰਤ-ਪਾਤ

ਨਾ ਕੋਈ ਰੋਇਆ, ਨਾ ਕੋਈ ਧੋਇਆ
ਰੱਬਾ ਤੇਰੇ ਰਾਜ ਵਿੱਚ, ਇੱਕ ਅਨਰਥ ਹੈ ਹੋਇਆ।

ਇਹ ਕੀ ਹੋਇਆ, ਇਹ ਕੀ ਹੋਇਆ।
ਜੰਮਣ ਤੋਂ ਪਹਿਲਾਂ ਹੀ ਇੱਕ ਇਨਸਾਨ ਹੈ ਮੋਇਆ।
ਇਹ ਕੀ ਹੋਇਆ ..................

ਜਿਸ ਔਰਤ ਨੂੰ ਜੱਗ ਜਣਨੀ ਕਹਿ ਗੁਰੂ ਨਾਨਕ ਵਡਿਆਇਆ।
ਉਸ ਔਰਤ ਦੀ ਲਾਸ਼ ਨੂੰ ਲੋਕੋ, ਬਿੱਲੀਆਂ ਕੁੱਤਿਆਂ ਖਾਇਆ।
ਇਹ ਕੀ ਹੋਇਆ ................

ਬੋਟ ਜਿਹਾ ਬੱਚਾ ਚੀਕ ਨਾ ਸਕਿਆ, ਨਾ ਹੀ ਪਾਈ ਦੁਹਾਈ।
ਹਬਸ਼ੀ ਬੰਦਿਆ ਹਬਸ਼ ਤੇਰੀ ਨੇ, ਮਾਂ ਤੋਂ ਮਾਂ ਨੂੰ ਖੋਇਆ।
ਇਹ ਕੀ ..................

ਉਸ ਬਨੇਰੇ ਉੱਲੂ ਬੋਲਣ, ਜਿੱਥੇ ਔਰਤ ਬਣੇਂ ਨਿਮਾਣੀ।
ਉਸ ਬਗੀਚੀ ਫੁੱਲ ਨਾ ਖਿੜਦੇ, ਜੀਹਦਾ ਮਾਲੀ ਜਾਲਮ ਹੋਇਆ।
ਇਹ ਕੀ ...................

ਮੈਰੀ ਕਿਊਰੀ ਬਚਿੰਤਰੀ ਪਾਲ ਨੇ, ਤਲੀ ’ਤੇ ਸਰੋਂ ਜਮਾ ਤੀ।
ਇਸ ਔਰਤ ਤੋਂ ਰੱਬ ਨੇ ਬੰਦਿਆ, ਦੱਸਦੇ ਕੀ ਲਕੋਇਆ।
ਇਹ ਕੀ ....................

ਚੰਨ ਤਾਰੇ ’ਤੇ ਚੜ੍ਹਨ ਵਾਲਿਓ, ਕਿਉਂ ਅਕਲਾਂ ਦੇ ਖੰਭੇ ਕੁਤਰੇ।
ਥੋਡੀ ਆਤਮਘਾਤੀ ਦਸ਼ਾ ਦੇਖ ਕੇ, ‘ਜੀਤ’ ਭਲੂਰ ’ਚ ਰੋਇਆ।
ਇਹ ਕੀ ਹੋਇਆ .....................

➢➢➢

## ਕਲਾਕਾਰ ਨੂੰ

*(ਬਾਈ ਬਖਸ਼ੀਸ਼ ਸਿੰਘ ਦੇ ਨਾਂ)*

*ਤੇਰੀ ਕਲਾ ਮੈਂ ਕਲਾਕਾਰਾ ਤਾਂ ਜਾਣਾਂ,*
*ਜੇਕਰ ਕਲਾ ਹੋਵੇ ਲੋਕਾਂ ਦੇ ਹਾਣਦੀ ਏ।*
*ਉਹ ਕਲਾ ਨਾ ਲੋਕਾਂ ਦੀ ਕਲਾ ਹੋਵੇ,*
*ਜਿਹੜੀ ਨਿੱਘ ਮਹਿਲਾਂ ਦਾ ਮਾਣਦੀ ਏ।*

ਚਿੱਤਰਕਾਰ ਕੋਈ ਐਸਾ ਹੋਵੇ।
ਕਲਾ ਹੀ ਜਿਸਦਾ ਪੇਸ਼ਾ ਹੋਵੇ।
ਇਹ ਦੁਨੀਆਂ ਅਜਬ ਨਜ਼ਾਰਾ ਹੋਵੇ।
ਨਾ ਤਕੜਾ ਨਾ ਮਾੜਾ ਹੋਵੇ।
ਮੇਰੇ ਮਨ ਦੀ ਦੁਨੀਆਂ ਦਾ ਇੱਕ,
ਐਸਾ ਸੁੰਦਰ ਸੁਰਗ ਵਸਾ ਦੇ।
ਮੇਰੇ ਯਾਰ ਮੁਸੱਵਰਾ ਇੱਕ ਤਸਵੀਰ ਬਣਾ ਦੇ।

ਜਿੱਥੇ ਨਾ ਕੋਈ ਵੈਰੀ ਹੋਵੇ।
ਸਭ ਬੰਦੇ ਦਾ ਖੈਰੀ ਹੋਵੇ।
ਦੁਨੀਆਂ ਇੱਕ ਪਰਿਵਾਰ ਦੇ ਵਾਂਗੂੰ।
ਚੰਨ ਚਕੋਰ ਪਿਆਰ ਦੇ ਵਾਂਗੂੰ।
ਰੋਸ਼ਨ ਹੋਵੇ ਧਰਤੀ ਅੰਬਰ,
ਐਸਾ ਪਿਆਰ ਦਾ ਦੀਪ ਜਗਾਦੇ।
ਮੇਰੇ ਯਾਰ ................।

ਬਾਗਾਂ ਵਾਲੀ ਮਹਿਕ ਵੀ ਹੋਵੇ।
ਧਰਤੀ ਸਾਰੀ ਟਹਿਕਦੀ ਹੋਵੇ।
ਮੋਰ ਖੁਸ਼ੀ ਵਿੱਚ ਪੈਲਾਂ ਪਾਵਣ।
ਕੋਇਲਾਂ ਮਿੱਠੇ ਗੀਤ ਸੁਣਾਵਣ।
ਹਰੀਆਂ ਭਰੀਆਂ ਕਲੀਆਂ ਉੱਤੇ,
ਸੂਹੇ-ਸੂਹੇ ਫੁੱਲ ਖਿੜਾਦੇ
ਮੇਰੇ ਯਾਰ ..................

ਅੰਤਰ ਧਿਆਨ ਲਗਾਵੀਂ ਵੀਰਾ।
ਸੋਹਣੇ ਰੰਗ ਮਿਲਾਵੀਂ ਵੀਰਾ।
ਸੂਰਜ ਜਿੱਥੇ ਚੜ੍ਹਦਾ ਹੋਵੇ।
ਕਾਲਖ ਸਾਰਾ ਮਰਦਾ ਹੋਵੇ।
ਪਹੁ-ਫੁਟਾਲੇ ਚਿੜੀਆਂ ਚਹਿਕਣ,
'ਜੀਤ' ਬੁਰਸ਼ ਦਾ ਹੁਨਰ ਵਿਖਾ ਦੇ
ਮੇਰੇ ਯਾਰ ...................

➢➢➢

ਦੇ।

## ਦਰਦ-ਏ-ਵਿਛੋੜਾ

ਜੱਗ ਤੋਂ ਲਕੋ ਸਕਦਾ, ਹੰਝੂ ਦੀਵੇ ਕੋਲੋਂ ਕਿੰਝ ਨੀ ਲਕੋਵੇ।
ਨੀਂ ਮਾਏ ਤੇਰਾ ਪੁੱਤ ਲਾਡਲਾ, ਉੱਠ ਰਾਤ ਨੂੰ ਬੈਠ ਕੇ ਰੋਵੇ।
ਦੁੱਖ ਸਾਨੂੰ ਹਿਜ਼ਰਾਂ ਦੇ, ਕੀਹਦੇ ਨਾਲ ਕਰਾਂ ਮੈਂ ਸਾਂਝੇ।
ਇੱਕ ਦਿਲ ਦੋ ਅੱਖੀਆਂ, ਰਾਤੀਂ ਬਾਤਾਂ ਪਾਉਂਦੇ ਰਹਿੰਦੇ।
ਨੀ ਅੱਧੀ ਰਾਤੋਂ ਵਾਜਾਂ ਮਾਰਦੇ, ਤਾਈਓ ਚੰਦਰਾ ਇਹ ਉੱਠ ਕੇ ਖਲੋਵੇ।
ਨੀ ਮਾਏ ....................

ਕੱਲਾ ਕਾਰ੍ਹਾ ਪੁੱਤ ਤੋਰਿਆ, ਮਾਏ ਕਰ ਨੀ ਪਹਾੜ ਜਿੱਡਾ ਜੇਰਾ।
ਅੱਖਾਂ ਨੂੰ ਦੀਦਾਰ ਚਾਹੀਦਾ, ਕੰਨ ਬੋਲ ਨੀ ਤਰਸਦੇ ਤੇਰਾ।
ਕੰਧਾਂ ਨਾਲ ਗੱਲਾਂ ਕਰਕੇ, ਅੱਲ੍ਹੇ ਜਖ਼ਮ ਹੰਝੂਆਂ ਨਾਲ ਧੋਵੇ।
ਨੀ ਮਾਏ ....................

ਕਾਰਾਂ ਉੱਤੇ ਲੱਖ ਚੜ੍ਹੀਏ ਪਰ, ਬੱਝਦਾ ਨ ਓਹੋ ਜਿਹਾ ਤਰਾਰਾ।
ਦਾਦੇ ਦੇ ਸੁਹਾਗੇ ਬੈਠ ਕੇ, ਹੂਟੇ ਲੈਣ ਦਾ ਸੀ ਵੱਖਰਾ ਨਜ਼ਾਰਾ।
ਫਿੱਕੇ ਜਹੇ ਦੁਪਹਿਰ ਜਾਪਦੇ, ਇੱਥੇ ਦਿਸਦੇ ਨ ਫੁੱਲ ਵੀ ਨਰੋਏ।
ਨੀ ਮਾਏ .....................

ਹੁਣ ਸਾਨੂੰ ਚਿਰ ਹੋ ਗਿਆ, ਰੋਟੀ ਦਾਦੀ ਦੇ ਹੱਥਾਂ ਦੀ ਖਾਧੀ।
ਚੁੱਲ੍ਹੇ ਦੀ ਸੁਆਹ ਕੱਢ ਕੇ, ਰੱਖੇ ਛੰਨੇ ਵਾਲੀ ਚਾਹ ਦੀ ਸਵਾਦੀ।
ਦਿਨ ਰਾਤ ਕੱਠੇ ਕਰਦਾ, ਮੋਤੀ ਯਾਦ ਵਾਲੀ ਮਾਲ੍ਹਾ 'ਚ ਪਰੋਵੇ
ਨੀ ਮਾਏ ....................

ਕਿੰਨੀ ਖੁਸ਼ੀ ਹੋਵੇ ਅੰਮੀਏ ਜੇ ਤੂੰ, ਹੱਥ ਸਿਰ ਉੱਤੇ ਫੇਰ ਤੋਂ ਟਿਕਾਵੇਂ।
ਨੀ 'ਜੀਤ' ਜਹੇ ਨਿਮਾਣੇ ਪੁੱਤ ਨੂੰ, ਘੇਰ ਮੋੜ ਕੇ ਭਲੂਰ ਲਿਆਵੇਂ।
ਸਾਰੇ ਦੁੱਖ ਪੁੱਤਰਾਂ ਦੇ, ਬੋਲ ਇੱਕ ਹੀ ਸੁਲੱਖਣਾ ਧੋਵੇ।
ਨੀ ਮਾਏ ....................

➢➢➢

## ਵੋਟਾਂ ਦੇ ਦਿਨ ਆਏ

ਝੰਡੀ ਵਾਲੀ ਕਾਰ ਰੋਜ਼ ਹੀ ਪਿੰਡ ਵਿੱਚ ਸ਼ੋਰ ਮਚਾਏ।
ਵੋਟਾਂ ਦੇ ਦਿਨ ਆਏ ਦੋਸਤੋ, ਵੋਟਾਂ ਦੇ ਦਿਨ ਆਏ

ਪੰਜ ਸਾਲਾਂ ਤੋਂ ਬਾਅਦ ਲੀਡਰਾਂ, ਪਿੰਡ ਵਿੱਚ ਫੇਰੇ ਪਾਏ।
ਵੋਟਾਂ ਦੇ ਦਿਨ ............................

ਥਾਂ ਥਾਂ ਜਲਸੇ ਅਤੇ ਸਭਾਵਾਂ, ਕਾਰਾਂ ਧੂੜ ਉਡਾਈ।
ਫੀਮ ਭੁੱਕੀ ਤੇ ਦਾਰੂ ਵੰਡ ਕੇ ਦੁਨੀਆਂ ਕਰੀ ਸੁਦਾਈ।
ਭਲੇ ਲੋਕਾਂ ਦੀ ਇੱਜ਼ਤ ਏਹੇ, ਮਿੱਟੀ ਵਿੱਚ ਮਿਲਾਏ।
ਵੋਟਾਂ ਦੇ ਦਿਨ .......................

ਵੋਟਾਂ ਲੈ ਕੇ ਬਣੇ ਮੰਤਰੀ, ਫਿਰ ਨ ਮੂੰਹ ਵਿਖਾਉਂਦੇ।
ਵੋਟਰ ਦੀ ਕੋਈ 'ਬਾਤ ਨ ਪੁੱਛਦਾ, ਲੀਡਰ ਐਸ਼ ਉਡਾਉਂਦੇ।
ਹੁਣ ਭਾਦੋਂ ਦੀਆਂ ਖੁੰਬਾਂ ਵਾਂਗਰ, ਖੁੱਡਾਂ 'ਚੋਂ ਨਿਕਲ ਆਏ।
ਵੋਟਾਂ ਦੇ ਦਿਨ .........................

ਨਵੀਆਂ ਗੁੱਡੀਆਂ, ਨਵੇਂ ਪਟੋਲੇ, ਨਵੇਂ ਨੇ ਲਾਰੇ ਲਾਉਂਦੇ
ਪਲ ਪਲ ਉੱਤੇ ਗਿਰਗਟ ਵਾਂਗੂੰ, ਨਵੇਂ ਨੇ ਰੰਗ ਵਟਾਉਂਦੇ।
ਮੂੰਹ 'ਚੋਂ ਬੋਲਣ ਰਾਮ ਰਾਮ ਤੇ ਬਗਲੋਂ ਛੁਰੀ ਚਲਾਏ।
ਵੋਟਾਂ ਦੇ ਦਿਨ .........................

ਬਗਲੇ ਵਾਲਾ ਰੂਪ ਧਾਰਕੇ, ਗਿਰਝਾਂ ਫਿਰ ਮੰਡਰਾਈਆਂ।
ਰਿਸ਼ਵਤ ਖੋਰਾਂ ਮਾਸ ਚੂੰਡ ਲਿਆ, ਹੱਡੀਆਂ ਖਾਵਣ ਆਈਆਂ।
ਚੋਰ ਉਚੱਕੇ ਬਣੇ ਚੌਧਰੀ, ਖੂਨ ਦੇ ਨੇ ਤਿਰਹਾਏ।
ਵੋਟਾਂ ਦੇ ਦਿਨ .........................

ਕੇਹੀ ਸਾਨੂੰ ਮਿਲੀ ਅਜ਼ਾਦੀ, ਹਾਲਤ ਬਦਤਰ ਹੋਈ।
ਵੋਟਾਂ ਦੀ ਪਰਚੀ ਨੇ ਸਾਨੂੰ, ਕਿਤੇ ਨਾ ਦਿੱਤੀ ਢੋਈ।
ਸੋਚੋ ਲੋਕੋ ਕਿਉਂ 'ਜੀਤ ਨਿਮਾਣਾ' ਕੋਠੇ ਚੜ੍ਹ ਕੁਰਲਾਏ।
ਵੋਟਾਂ ਦੇ ਦਿਨ .....................

➢➢➢

## ਦੱਬੀ ਅੱਗ

ਲੱਕੜਾਂ ਦੀ ਹਿੱਕ ਵਿੱਚ ਅੱਗ ਦਾ ਭੰਡਾਰ ਵੇ।
ਲਾਂਬੂ ਬਣ ਮੱਚੇ ਇੱਕ ਤੀਲੀ ਦੀ ਹੀ ਮਾਰ ਵੇ।

ਦੁੱਧਾ ਵੇ ਕਿਉਂ ਵਾਰ-ਵਾਰ ਉੱਪਰ ਨੂੰ ਆਉਂਦਾ ਤੂੰ।
ਮੱਚਜੇਂਗਾ ਚੁੱਲੇ ਪੈ ਕੇ ਅੱਗ ਨੂੰ ਬੁਝਾਉਂਦਾ ਤੂੰ।
ਇੱਕ ਛਿੱਟ ਪਾਣੀ ਤੈਨੂੰ ਸਕਦਾ ਸੀ ਠਾਰ ਵੇ।
ਲੱਕੜਾਂ ਦੀ ਹਿੱਕ .................

ਕਿੰਨਾਂ ਚਿਰ ਰੱਖੂ ਡਾਢ੍ਹਾ ਮਾੜੇ ਨੂੰ ਲਤਾੜ ਕੇ।
ਫੁੱਟ ਪੈਣਾ ਲਾਵਾ ਹਿੱਕ ਧਰਤੀ ਦੀ ਪਾੜ ਕੇ।
ਸੱਚ ਮੂਹਰੇ ਝੂਠ ਖਾਵੇ ਆਖਰ ਨੂੰ ਹਾਰ ਵੇ।
ਲੱਕੜਾਂ ਦੀ ਹਿੱਕ ................

ਸਿੱਖ ਲੋ ਸਮੁੰਦਰਾਂ ਤੋਂ ਸ਼ਾਂਤ ਸੁਭਾਅ ਵੇ।
ਰੁਕਦਾ ਨ ਕਦੇ ਹੜ੍ਹ ਆਇਆ ਦਰਿਆ ਵੇ।
ਸ਼ਾਂਤੀ ਨੂੰ ਭੰਗਣ ਦਾ ਏਹੀਓ ਹੈ ਨਿਤਾਰ ਵੇ।
ਲੱਕੜਾਂ ਦੀ ਹਿੱਕ ................

ਹੋਇਆਂ ਕੀ ਫ਼ਰੀਦ ਨੂੰ ਜੇ ਕਾਂਵਾਂ ਨੇ ਸੀ ਖਾ ਲਿਆ।
ਸਸਤੇ ਹੀ ਸੌਦੇ ਵਿੱਚ ਇਸ਼ਕ ਪੁਗਾ ਲਿਆ।
ਨੈਣ ਮੱਤ ਛੂਹੋ ਕਰੂੰ ਪੀਆ ਦੇ ਦੀਦਾਰ ਵੇ।
ਲੱਕੜਾਂ ਦੀ ਹਿੱਕ ..............

ਸ਼ਮਾਂ ਸੰਗ ਖੇਲਣੇ ਦੀ ਹੁੰਦੀ ਨਾ ਜੇ ਸਿੱਕ ਵੇ।
ਛਾਲ ਮਾਰੇ ਨ ਪਤੰਗਾ ਅੱਗ ਮਘਦੀ ਦੇ ਵਿੱਚ ਵੇ।
ਘਰ ਫੂਕ ਕੇ ਤਮਾਸ਼ਾ ਵੇਖੇ 'ਜੀਤ ਲੁਹਾਰ' ਵੇ।
ਲੱਕੜਾਂ ਦੀ ਹਿੱਕ ..............

➢➢➢

# ਗਰੀਬ ਬੱਚੇ ਦੀ ਰੱਬ ਦੇ ਨਾਂ ਪੁਕਾਰ

ਸੁਣਦਾ ਨਾ ਏਥੇ ਕੋਈ ਮਾੜੇ ਦੀ ਪੁਕਾਰ ਨੂੰ।
ਵੇਖ ਲਿਆ ਅਸੀਂ ਰੱਬਾ ਤੇਰੇ ਵੀ ਪਿਆਰ ਨੂੰ।

ਰੱਬਾ ਬੱਚਿਆਂ ਦੇ ਨਾਲ ਇਨਸਾਫ਼ ਕਰ ਦੇ।
ਭੁੱਖੇ ਫਰਿਆਦੀਆਂ ਦੇ ਢਿੱਡ ਭਰਦੇ।
ਕਰੋ ਨ ਮਾਸੂਮਾਂ ਉੱਤੇ ਵਹਿਸ਼ੀ ਵਾਰ ਨੂੰ।
ਵੇਖ ਲਿਆ ...............

ਇਕਨਾਂ ਨੂੰ ਦਿੱਤੀਆਂ ਤੂੰ ਸ਼ਾਨਾਂ ਸਰਦਾਰੀਆਂ।
ਇਕਨਾਂ ਦੇ ਬੱਚੇ ਵਾਂਗਰ ਭਿਖਾਰੀਆਂ।
ਐਸਾ ਇਨਸਾਫ ਖੋਰੇ ਜੱਜ ਦੇ ਵਕਾਰ ਨੂੰ।
ਵੇਖ ਲਿਆ ..............

ਸਾਡਾ ਕਿੱਥੇ ਹੈ ਪਿਆਰ ਕਿੱਥੇ ਗਈ ਮਸਤਾਨੀ।
ਰੁੱਤ ਖੇਡਣੇ ਦੀ ਮਰੀ, ਮਰ ਜਾਵੇਗੀ ਜਵਾਨੀ।
ਕਾਣੀ ਅੱਖ ਵੰਡਿਆਂ ਤੂੰ ਵਿੱਦਿਆ ਭੰਡਾਰ ਨੂੰ।
ਵੇਖ ਲਿਆ ................

ਕਿਉਂ ਨੀ ਤੇਰਾ ਦਿਲ ਰੋਂਦਾ ਅਤੇ ਚੀਕਦੀ ਜ਼ੁਬਾਨ।
ਜਦੋਂ ਠੰਢ ਨਾਲ ਮਰਦਾ ਹੈ ਤੇਰਾ ਇਨਸਾਨ।
ਲੁਟਕੇ ਨੇ ਫੁੱਲ ਖਾ ਕੇ ਮਾਲਕਾਂ ਦੀ ਮਾਰ ਨੂੰ।
ਵੇਖ ਲਿਆ ..................

ਭੁੱਖਾ ਵਿਲਕੇ 'ਭਲੂਰ' ਦਿੱਤਾ ਕਿਸੇ ਨੂੰ ਤੂੰ ਰਾਜ।
ਸਾਨੂੰ ਪਸ਼ੂ ਵਾਂਗ ਵਾਹੇ ਰੱਬਾ ਤੇਰਾ ਇਹ ਸਮਾਜ।
ਆਖਰੀ ਸਲਾਮ ਕਹੇ 'ਜੀਤ' ਤੇਰੇ ਸੰਸਾਰ ਨੂੰ।
ਵੇਖ ਲਿਆ ...................

➢➢➢

## ਗੁਰੂ ਨਾਨਕ ਅਤੇ ਅੱਜ

ਸੁੱਚੀ ਕਿਰਤ ਕਰਨੀ ਤੇ ਵੰਡ ਖਾਣੀ
ਸਾਰੀ ਦੁਨੀਆਂ ਵਿੱਚ ਪ੍ਰਚਾਰਿਆ ਸੀ।
ਸੁੱਚੀ ਕਿਰਤ ਜੱਗ 'ਤੇ ਕਿੰਝ ਹੋਵੇ
ਤਾਂਈਓਂ ਮੱਝੀਆਂ ਨੂੰ ਤੈਂ ਚਾਰਿਆ ਸੀ।

ਪਹਿਲਾ ਮਰਦ ਸੀ ਤੂੰ ਧਰਤ ਉੱਤੇ
ਜੀਹਨੇ ਕਿਰਤ ਦਾ ਏਥੇ ਸਤਿਕਾਰ ਕੀਤਾ।
ਕਿਰਤੀ ਲਾਲੋ ਦੀ ਰੋਟੀ ਵਿੱਚੋਂ ਦੁੱਧ ਚੋਵੇ,
ਤੇ ਭਾਗੋ ਦੇ ਪੂੜਿਆਂ ਨੂੰ ਲਾਲ ਕੀਤਾ।

ਉੱਚੇ ਸੁੱਚੇ ਨਿਸ਼ਾਨੇ ਰੱਖ ਅੱਗੇ
ਨੀਂਹ ਰੱਖੀ ਤੂੰ ਐਸੇ ਸਮਾਜ ਦੀ ਸੀ।
ਜਿੱਥੇ ਸੱਚ ਦੀ ਸਦਾ ਹੀ ਚੜ੍ਹਤ ਹੋਵੇ
ਵਾਗ ਫੜੀ ਤੂੰ ਇਨਕਲਾਬੀ ਕਾਜ ਦੀ ਸੀ।

ਹਾੜ੍ਹੇ ਇੱਕ ਵਾਰੀ ਜੇ ਜਗਤ ਉੱਤੇ
ਆ ਕੇ ਵੇਖ ਜਾਵੇ ਪੰਥ ਦਾ ਹਾਲ ਬਾਬਾ।
ਉੱਡਦੀ ਵੇਖ ਅਸੂਲਾਂ ਦੀ ਖੇਹ ਏਥੇ
ਤੈਨੂੰ ਫਿਰ ਚੁੱਕਣਾ ਪਊ ਰਵਾਬ ਬਾਬਾ।

ਕੌਡੇ ਰਾਕਸ਼ਾਂ ਦੀ ਏਥੇ ਭੀੜ ਲੱਗੀ
ਮਾਸ ਏਨਾਂ ਨੇ ਤੇਰੇ ਖਰੋਚ ਲੈਣਾ।
ਦੱਸ ਮਰਦਾਨੇ ਦੀ ਰਾਖੀ ਕਰੇਂਗਾ ਕੀ,
ਇਨਾਂ ਤੈਨੂੰ ਵੀ ਵੇਖੀਂ ਦਬੋਚ ਲੈਣਾ।

ਤੇਰੇ ਕਿਰਤੀ ਕਿਸਾਨਾਂ ਦੀ ਲੁੱਟ ਹੋਵੇ,
ਬੁੱਲੇ ਵੱਢਦੇ ਨੇ ਵਿਹਲੜ ਰਾਠ ਏਥੇ।
ਰਾਜ ਗੱਦੀਆਂ 'ਤੇ ਡਾਕੂ ਚੋਰ ਬੈਠੇ
ਸੱਜਣ ਠੱਗਾਂ ਦੀ ਸ਼ਾਹੀ ਠਾਠ ਏਥੇ।

ਏਥੇ ਕਲਾ ਦਾ ਕੋਈ ਸਤਿਕਾਰ ਹੈ ਨਾ
ਕਿਸੇ ਸੁਣਨਾ ਨਹੀਂ ਤੇਰਾ ਰਵਾਬ ਬਾਬਾ।
ਤੇਰੇ ਬਾਲੇ ਨੂੰ ਰੋਟੀ ਦਾ ਫਿਕਰ ਏਥੇ
ਬਾਣੀ ਸੁਣਨ ਤੋਂ ਦੇਣੈਂ ਜਵਾਬ ਬਾਬਾ।

ਭੁੱਖਾ ਵੇਖ ਸਾਧੂਆਂ ਤਾਈਂ ਬਾਬਾ
ਰੂਹ ਕਿਸੇ ਦੀ ਏਥੇ ਪਸੀਜਣੀ ਨਹੀਂ।
ਭੁੱਖਾ ਰਹੇਂਗਾ ਮਹਿੰਗਾਈ ਦੀ ਮਾਰ ਥੱਲ੍ਹੇ
ਤੇਰੀ ਮਾਲਾ ਵੀ ਕਿਸੇ ਖਰੀਦਣੀ ਨਹੀਂ।

ਤੇਰੇ ਸੱਚ ਦੀ ਏਥੇ ਖਿੱਲ੍ਹੀ ਉੱਡੇ
ਭਾਈਆਂ ਝੂਠ ਨੂੰ ਫੇਰ ਸਤਿਕਾਰਿਆ ਹੈ।
ਅੱਜ ਫੇਰ ਮੱਕੇ ਦੇ ਕਾਜੀਆਂ ਨੇ
ਤੇਰੇ ਇਸ਼ਟ ਨੂੰ ਬਾਬਾ ਲਲਕਾਰਿਆ ਹੈ।

ਏਥੇ ਫਿਰਕੂ ਨਾਗਾਂ ਨੇ ਫਨ ਚੁੱਕੇ
ਸਾਂਝੀਵਾਲਤਾ ਤੇ ਡੰਗ ਚਲਾਵਦੇਂ ਨੇ।
ਸੜਦੀ ਵੇਖ ਕੇ ਦਿੱਲੀ ਨੂੰ ਖੁਸ਼ ਹੁੰਦੇ
ਨੀਰੂ ਬੰਸਰੀ ਪਏ ਵਜਾਵੰਦੇ ਨੇ।

ਜੇਕਰ ਸੱਚ ਦਾ ਹੋਕਾ ਤੂੰ ਫੇਰ ਦਿੱਤਾ
ਤੈਨੂੰ ਜੇਲ੍ਹ ਦੇ ਵਿੱਚ ਕਰਵਾ ਦੇਣੈਂ।
ਲੁਕ-ਛਿਪ ਕੇ ਧਰਮ ਨੂੰ ਪਾਲਿਆ ਜੇ
ਦੇਸ਼ ਧਰੋਈ ਕਹਿ ਮਰਵਾ ਦੇਣੈਂ।

ਲੋਕੀ ਫੇਰ ਤੋਂ ਸੂਰਜ ਨੂੰ ਅਰਗ ਦਿੰਦੇ
ਦੰਬੀ ਬਾਬਿਆਂ ਦੀ ਗੁੱਡੀ ਚੜ੍ਹੀ ਹੋਈ ਐ।
ਰੌਸ਼ਨ ਹੋਏ ਨਾ ਗਿਆਨ ਦੀ ਕਿਰਨ ਏਥੇ
ਕਾਲੀ ਵਹਿਮਾਂ ਨੇ ਬੱਦਲੀ ਤਾਣੀ ਹੋਈਐ।

ਜਿਹੜੇ ਹੱਡਾਂ ਤੋਂ ਮਾਸ ਉਤਾਰਦੇ ਨੇ
ਉਨ੍ਹਾਂ ਸੁਣਨਾ ਨਹੀਂ ਤੇਰਾ ਉਪਦੇਸ਼ ਬਾਬਾ।
ਸਿੱਧਾ ਕਰਨਾ ਜੇ ਸੱਜਣਾਂ ਬਾਬਰਾਂ ਨੂੰ
ਆਵੀਂ ਧਾਰਕੇ ਜੰਗਜੂ ਭੇਸ ਬਾਬਾ।

ਏਥੇ ਦੰਭੀਆਂ ਮਖੌਟੇ ਚਾੜ ਰੱਖੇ
ਵਲੀ ਕੰਧਾਰੀ ਨਾ ਤੈਥੋਂ ਪਛਾਣ ਹੋਣੇ।
ਪੱਥਰ ਸੁੱਟੇ ਸੀ ਜਿੰਨ੍ਹਾਂ ਮਾਰਨੇ ਲਈ
ਹੱਥੀਂ ਉਨ੍ਹਾਂ ਦੇ ਪੰਥ ਨਿਸ਼ਾਨ ਹੋਣੇ।

ਏਥੇ ਜੁਲਮ ਤੇ ਲੁੱਟ ਨੇ ਅੱਤ ਕੀਤੀ
ਬਲਜੀਤ ਨਿਮਾਣੇ ਦਾ ਜੀਣਾ ਹਰਾਮ ਹੋਇਆ।
ਲੋਕੀਂ ਅੱਡੀਆਂ ਚੁੱਕ ਉਡੀਕਦੇ ਨੇ
ਬਾਬਾ ਤੈਨੂੰ ਹੈ ਦੇਰ ਤਮਾਮ ਹੋਇਆ।

➢➢➢

## ਭਾਰਤੀ ਲੀਡਰ

ਗੋਰੇ ਗਏ ਤੇ ਦੇਸੀ ਆਣ ਬੈਠੇ,
ਥੋਡੇ ਸਿਰਾਂ 'ਤੇ ਕਰਨ ਲਈ ਰਾਜ ਲੋਕੋ।
ਕਿੱਦਾਂ ਦੇਸ਼ ਨੂੰ ਵੇਚ ਕੇ ਖਾਈ ਜਾਂਦੇ,
ਖੋਲ੍ਹਣ ਲੱਗਿਐਂ ਏਨਾਂ ਦੇ ਪਾਜ ਲੋਕੋ।

ਉੱਤੋਂ ਭਗਤ ਤੇ ਵਿੱਚੋਂ ਚੋਰ ਕਾਲੇ,
ਰਾਮ-ਰਾਮ ਮੂੰਹੋਂ ਪੁਕਾਰਦੇ ਨੇ।
ਕੱਛ ਵਿੱਚ ਹੈ ਏਨਾ ਦੇ ਛੁਰੀ ਲੋਕੋ,
ਥੋਡੀ ਕਿਰਤ 'ਤੇ ਡਾਕੇ ਮਾਰਦੇ ਨੇ।

ਸੋਨ ਚਿੜੀ ਸੀ ਦੇਸ਼ ਨੂੰ ਕਦੇ ਕਹਿੰਦੇ,
ਗਹਿਣੇ ਏਸ ਦਾ ਨਾਂ ਲਿਖਾ ਦਿੱਤਾ।
ਗੱਦੀਆਂ ਸਾਂਭ ਕੇ ਇੰਨਾਂ ਢਿੱਡ ਭਰਲੇ,
ਤੇ ਠੂਠਾ ਦੇਸ਼ ਦੇ ਹੱਥ ਫੜਾ ਦਿੱਤਾ।

ਜਿਵੇਂ-ਜਿਵੇਂ ਅਸਾਂ ਨੇ ਵੋਟ ਪਾਈ,
ਭਾਰੀ ਕਰਜ਼ੇ ਦੀ ਸਿਰਾਂ 'ਤੇ ਪੰਡ ਹੋਈ।
ਭੂਤਰ ਗਈ ਮਹਿੰਗਾਈ ਦੀ ਮਾਰ ਥੱਲੇ,
ਅੱਜ ਕਿਰਤੀ ਦੀ ਕੁੱਬੀ ਕੰਡ ਹੋਈ।

ਜਿੱਡਾ ਅਹੁਦਾ ਤੇ ਓਡਾ ਹੀ ਚੋਰ ਬੈਠਾ,
ਭ੍ਰਿਸ਼ਟਾਚਾਰ ਦੀ ਅੱਗ ਮਚਾਈ ਏਨ੍ਹਾਂ।
ਜੇਕਰ ਤੁਸਾਂ ਨੇ ਆਪਣੇ ਹੱਕ ਮੰਗੇ,
ਥੋਡੇ ਲਈ ਹੈ ਜੇਲ੍ਹ ਬਣਾਈ ਏਨ੍ਹਾਂ।

ਭੁੱਖੀ ਮਾਂ ਕੋਈ ਬੱਚੇ ਨੂੰ ਜਦੋਂ ਵੇਚੇ,
ਸ਼ਰਮ ਏਨਾਂ ਨੂੰ ਜਰਾਂ ਨਾ ਆਂਵਦੀ ਏ।
ਅੱਗੋਂ ਹਿੱਬ ਕੇ ਢਾਣੀ ਲੋਟੂਆਂ ਦੀ,
ਸਾਡੀ ਹਿੱਕ 'ਤੇ ਭੰਗੜੇ ਪਾਂਵਦੀ ਹੈ।

ਦਾਰੂ ਪੀਣ ਅਯਾਸ਼ੀਆਂ ਕਰਨ ਰਾਤੀਂ,
ਪੈਰਾਂ ਹੇਠਾਂ ਏਹ ਇੱਜਤਾਂ ਰੋਲਦੇ ਨੇ।
ਤੜਕੇ ਉੱਠ ਕੇ ਵੱਡੇ ਭਗਤ ਬਣਦੇ,
ਮੰਦਰਾਂ ਵਿੱਚ ਜਾ ਰਾਮ-ਰਾਮ ਬੋਲਦੇ ਨੇ।

ਸੁੰਦਰੀ ਮੁਕਾਬਲੇ ਦੇ ਨਾਂ ਥੱਲੇ,
ਮੰਡੀ ਜਿਸਮਾਂ ਦੀ ਏਥੇ ਹੈ ਲਾਈ ਜਾਂਦੀ।
ਬੋਲੀ ਦੇਣ ਲਈ ਗਾਹਕ ਤਿਆਰ ਬੈਠੇ,
ਮਾਲ ਵੇਖ ਕੇ ਹੈ ਕੀਮਤ ਪਾਈ ਜਾਂਦੀ।

ਸਾਡੇ ਬੱਚਿਆਂ ਤਾਈਂ ਮਜ਼ਦੂਰ ਬਣ ਗਏ,
ਅਜੇ ਹੋਰ ਕੀ ਗੁੱਲ ਖਿਲਾਉਣਗੇ ਏਹ।
ਅਗਲੀ ਵੇਰ ਵੋਟਾਂ ਲਈ ਫੇਰ ਤੈਨੂੰ,
ਨਵੇਂ ਲਾਰਿਆਂ ਨਾਲ ਵਰਚਾਉਣਗੇ ਏਹ।

ਜੇਕਰ ਅੱਜ ਨਾ ਸਮੇਂ ਦੀ ਪਰਖ ਕੀਤੀ,
ਏਹ ਖੈਰ ਨਾ ਥੋਡੀ ਮਨਾਉਣ ਲੱਗੇ।
ਪਤਾ ਲੱਗਜੂ 'ਜੀਤ ਭਲੂਰ' ਅੰਦਰ
ਜਦੋਂ ਬੱਚੇ ਵੀ ਗੋਦੀਓਂ ਲਾਹੁਣ ਲੱਗੇ।

➢➢➢

## ਪਰਾਇਆ ਧਨ

ਆਪਣਿਆਂ ਹੱਥਾਂ ਨਾਲ ਤੋਰ ਦਿੱਤੀ ਅੱਜ ਜਿਨ੍ਹਾਂ
ਨਿੱਕੀ ਜਿਹੀ ਜਿੰਦ ਏ ਖਿਡਾਈ ਲਾਡਲੀ।
ਬਾਬਲ ਦੀ ਹੋਈ ਏ ਪਰਾਈ ਲਾਡਲੀ।

ਵਗੇ ਦਰਿਆ ਦੇਖ ਤੇਰੇ ਨੇ ਪਿਆਰ ਦੇ।
ਆ ਗਿਆ ਤੂਫ਼ਾਨ ਅੱਜ ਛੱਲਾਂ ਨੇ ਇਹ ਮਾਰਦੇ।
ਸੀਨੇ ਨਾਲ ਘੁੱਟ ਕੇ ਲਗਾਈ ਲਾਡਲੀ।
ਬਾਬਲ .....................

ਧਾਹਾਂ ਮਾਰ ਰੋਂਵਦੀ ਏ ਅੱਜ ਤੇਰੀ ਮਾਂ ਨੀ।
ਤੇਰੇ ਬਿਨ੍ਹਾਂ ਸੁੰਨੀ ਹੋਈ ਪਿੱਪਲਾਂ ਦੀ ਛਾਂ ਨੀ।
ਤੇਰੇ ਬਾਝੋਂ ਦੁੱਧ 'ਚ ਮਧਾਣੀ ਵੀ ਨਾ ਪਾਈ ਲਾਡਲੀ।
ਬਾਬਲ ........................

ਜਾਂਦੀ ਵਾਰ ਮਿਲ ਲੈ ਤੂੰ ਖੜੀਆਂ ਸਹੇਲੀਆਂ।
ਡਾਰ ਨਾਲੋਂ ਵਿਛੜੀਆਂ ਕੂੰਜਾਂ ਕਿਸ ਮੇਲੀਆਂ।
ਫਿਰ ਉਮਰਾਂ ਦੀ ਪੈ ਗਈ ਏ ਜੁਦਾਈ ਲਾਡਲੀ।
ਬਾਬਲ .........................

ਕਹਿਰੀ ਅੱਖ ਵੇਖਦਾ ਹੈ ਚੰਦਰਾ ਸਮਾਜ ਨੀ।
ਫੁੱਲਾਂ ਜਹੀ ਕੁੜੀ ਅਤੇ ਭਾਰੀ ਹੋਇਆ ਦਾਜ ਨੀ।
ਵਿਹੜੇ 'ਚ ਉਦਾਸੀ ਅੱਜ ਛਾਈ ਲਾਡਲੀ।
ਬਾਬਲ .......................

ਵੀਰਾਂ ਦੀਆਂ ਛਾਵਾਂ ਤੇਰੇ ਸਿਰ ਉੱਤੇ ਰਹਿਣ ਨੀ।
ਜੁਗ ਜੁਗ ਵਸਦੇ 'ਭਲੂਰ' ਵਿੱਚ ਰਹਿਣ ਨੀ।
ਇਹ ਸੁੱਖ 'ਜੀਤ' ਨੇ ਮਨਾਈ ਲਾਡਲੀ।
ਬਾਬਲ .....................

➢➢➢

## ਸਜਨ

ਆਵੋ ਨੀ ਆਵੋ ਰਲ ਗਾਵੋ ਨੀ ਸਈਓ
ਕੋਈ ਸਾਡੇ ਹੈ ਪ੍ਰਾਹੁਣਾ ਆਇਆ।

ਚਿਰੋਕਣੀ ਉਡੀਕ ਜਿਨ੍ਹਾਂ ਦੀ,
ਘਰ ਕੀੜੀ ਦੇ ਨਰਾਇਣ ਅੱਜ ਆਏ।
ਧੰਨਵਾਦ ਸੱਜਣਾਂ ਦਾ,
ਜਿਨ੍ਹਾਂ ਵਿਹੜੇ ਨੂੰ ਚਾਰ ਚੰਨ ਲਾਏ।
ਸਾਡੀਆਂ ਬਰੂਹਾਂ ਮਹਿਕੀਆਂ,
ਜਦ ਇਨ੍ਹਾਂ ਨੇ ਹੈ ਪੈਰ ਟਿਕਾਇਆ।
ਆਵੋ ਨੀ ਆਵੋ ...................

ਨਿਮਾਣਿਆਂ ਨੂੰ ਮਾਣ ਹੈ ਦਿੱਤਾ,
ਅਸੀਂ ਸਦਾ ਹੀ ਅਹਿਸਾਨਮੰਦ ਰਹਿਣਾ,
ਨੀ ਚਿੜੀਆਂ ਦੀ ਹਸਤੀ ਕਿਵੇਂ,
ਉੱਚੇ ਹੋ ਹੰਸਾਂ ਸੰਗ ਬਹਿਣਾ।
ਪੰਖੇਰੂਆਂ ਦਾ ਸੱਦਾ ਮੰਨ ਕੇ,
ਸਾਡੇ ਮਾਣ ਨੂੰ ਹੈ ਇਨ੍ਹਾਂ ਨੇ ਵਧਾਇਆ।
ਆਵੋ ਨੀ ਆਵੋ ........................

ਖਿਦਮਤ ਕਰ ਨਾ ਸਕੀ
ਭੁੱਲੀ ਫਿਰਦੀ ਬਾਬਰੀ ਹੋਈ,
ਸ਼ਾਲਾ ਸਾਨੂੰ ਮੁਆਫ ਕਰਨਾ
ਸਾਡੀ ਸੁਣਿਓ ਸਾਹਿਬ ਅਰਜ਼ੋਈ।
ਮਿਹਰ ਦੀ ਨਜ਼ਰ ਰੱਖਣਾ,
ਹਾੜੇ 'ਜੀਤ' ਨੂੰ ਨਾ ਕਰਿਓ ਪਰਾਇਆ।
ਆਵੋ ਨੀ ਆਵੋ ....................

➢➢➢

## ਸ਼ਰਧਾਂਜਲੀ

ਅਮਰ ਰਹੇਗਾ ਇਤਿਹਾਸ ਕੁਰਬਾਨੀਆਂ ਦਾ,
ਲੱਖ ਵਾਰ ਹੈ ਇਹਨੂੰ ਪ੍ਰਣਾਮ ਸਾਡੀ।
ਲਹੂ ਭਿੱਜੇ ਇਤਿਹਾਸ ਦੇ ਬਾਨੀਓ ਓਏ,
ਥੋਡੇ ਸਿਦਕ ਨੂੰ ਲਾਲ ਸਲਾਮ ਸਾਡੀ।

ਥੋਡੇ ਪੂਰਨੇ ਸਾਡੇ ਲਈ ਸਬਕ ਬਣਗੇ,
ਹੱਕ ਸੱਚ ਨੂੰ ਏਦਾਂ ਨਾ ਮਰਨ ਦੇਣਾ।
ਸਾਡੀ ਫਸਲ 'ਤੇ ਅੱਜ ਬਹਾਰ ਆਈ,
ਵਿਹਲੜ ਵੱਗ ਨਾ ਖੇਤਾਂ ਵਿੱਚ ਵੜਨ ਦੇਣਾ।

ਫਾਂਸੀ, ਗੋਲੀਆਂ ਦੀ ਸਾਨੂੰ ਪ੍ਰਵਾਹ ਹੈ ਨਾ
ਮੁੱਕਣ ਦੇਣੀ ਨਾ ਥੋਡੀ ਕਤਾਰ ਯਾਰੋ।
ਇਹਨਾਂ ਕੱਚੀਆਂ ਬੰਦੂਕਾਂ ਦੀ ਢਾਲ ਮੂਹਰੇ।
ਖੁੰਢੀ ਹੋਵੇ ਨਾ ਖੰਡੇ ਦੀ ਧਾਰ ਯਾਰੋ।

ਘੁਟਦੀ ਰਹੇਗੀ ਮਹਿਲਾਂ ਦਾ ਦਮ ਯਾਰੋ
ਕੁੱਲੀਆਂ ਵਿੱਚ ਜੋ ਅੱਗ ਮਚਾ ਚੱਲੇ।
ਰੋਸ਼ਨ ਕਰੇਗੀ 'ਜੀਤ' ਹਨੇਰਿਆਂ ਨੂੰ
ਐਸੀ ਜੋਤ 'ਭਲੂਰ' ਜਗਾ ਚੱਲੇ।
ਐਸੀ ਚਿਣਗ ਸੰਘਰਸ਼ ਦੀ ਲਾ ਚੱਲੇ।

➢➢➢

## ਬਟਵਾਰਾ

ਮਾਂ ਜਾਨ ਤਾਂ ਬੱਚੇ ਤੋਂ ਵਾਰ ਦੇਵੇ
ਐਪਰ ਲੱਗਣ ਨਾ ਦੇਵੇ ਵਾ ਲੋਕੋ।
ਪੂਰਨ ਜਰਾਂ ਵੀ ਅੱਖੀਓਂ ਦੂਰ ਹੋਇਆ
ਇੱਛਰਾਂ ਡਿੱਗ ਪੈਂਦੀ ਗਸ਼ ਖਾ ਲੋਕੋ।

ਮੇਰਾ ਦਿਲ ਜੇ ਤੁਸੀਂ ਫਰੋਲ ਦੇਖੋਂ
ਇਹਦੇ ਵਿੱਚ ਹੈ ਕਿੰਨਾਂ ਮੋਹ ਬੱਚੇ।
ਜਰਾ ਹਿੱਕ ਨਾਲੋਂ ਜੇ ਲਾਂਹਵਦੀ ਹਾਂ,
ਮੇਰੇ ਪੈਂਦੀ ਕਲੇਜੜੇ ਖੋਹ ਬੱਚੇ।

ਵਿੱਥਿਆ ਕਹੀ ਗੋਬਿੰਦ, ਸ਼ੇਰੇ ਪੰਜਾਬ ਦੀ ਮੈਂ, ?
ਅੱਜ ਆਪਣੀ ਕਹਾਣੀ ਸੁਣਾਨ ਲੱਗੀ।
ਲੱਖਾਂ ਮਣਾਂ ਦਾ ਦਰਦ ਸੰਭਾਲ ਰੱਖਿਆ,
ਸੀਨਾ ਪਾੜ ਕੇ ਥੋਨੂੰ ਦਖਾਣ ਲੱਗੀ।

ਇੱਕ ਉਸ ਅਭਾਗਣ ਮਾਂ ਨਾਲੋਂ,
ਸੌ ਦਰਜੇ ਚੰਗੀ ਨਹੈਤ ਰੰਡੀ।
ਜੀਹਦੇ ਪੁੱਤਰਾਂ ਸਾਹਮਣੇ ਦੁਸ਼ਮਣਾਂ ਨੇ,
ਉਹਦੀ ਮਮਤਾ ਸੱਥਾਂ 'ਚ ਬੈਠੀ ਵੰਡੀ।

ਦਿਨ ਦਿਹਾੜੇ ਤੇ ਸ਼ਰੇ ਬਜ਼ਾਰ ਵਿੱਚ,
ਗੋਰੇ ਜਾਲਮਾਂ ਭਾਣਾ ਵਰਤਾ ਦਿੱਤਾ।
ਥੋਡੇ ਹੁੰਦਿਆਂ-ਸੁੰਦਿਆਂ ਘਰ ਅੰਦਰ,
ਮੇਰੀ ਹਿੱਕ 'ਤੇ ਖੰਡਾ ਖੜਕਾ ਦਿੱਤਾ,

ਜ਼ਖ਼ਮੀ ਪਈ ਆਂ ਦੁਨੀਆਂ ਦੀ ਸੱਥ ਅੰਦਰ,
ਮੈਂ ਲੱਖ ਪੁੱਤਰਾਂ ਦੀ ਮਾਂ ਲੋਕੋ।
ਜੇਠ ਹਾੜ੍ਹ ਦੀ ਕੜਕ ਦੁਪਹਿਰ ਅੰਦਰ
ਕੋਈ ਕਰੇ ਨਾ ਮੇਰੇ 'ਤੇ ਛਾਂ ਲੋਕੋ।

ਮੈਂ ਬੜੀ ਹੀ ਚੀਕ ਪੁਕਾਰ ਕੀਤੀ,
ਬਹੁੜਿਆਂ ਕੋਈ ਨਾ ਮਾਈ ਦਾ ਲਾਲ ਉਥੇ।
ਬਹੁੜੀ-ਬਹੁੜੀ ਮੈਂ ਰੱਬਾ ਵੱਢ ਦਿੱਤੀ,
ਵਗ ਗਏ ਸੀ ਖ਼ੂਨ ਦੇ ਖਾਲ੍ਹ ਉਥੇ।

ਜ਼ੈਲਦਾਰੀ ਇਨ੍ਹਾਂ ਦੀ ਹੋਈ ਪੱਕੀ
ਏਸੇ ਖੁਸ਼ੀ 'ਚ ਪੈੱਗ ਟਕਰਾਂਵਦੇ ਨੇ।
ਮੇਰੀ ਪਾਕ ਪਵਿੱਤਰ ਹਿੱਕ ਉੱਤੇ,
ਬੂਟ ਰੱਖਕੇ ਭੰਗੜੇ ਪਾਂਵਦੇ ਨੇ।

ਇੱਕ ਇਹ ਤੇ ਦੂਜੇ ਉਹ ਫੜਿਆ,
ਖਿੱਚ-ਖਿੱਚ ਕੇ ਦੁੱਧ ਵੀ ਪਾੜ੍ਹ ਦਿੱਤੇ।
ਕਿਵੇਂ ਸ਼ੀਰ ਪਿਲਾਊ ਮੈਂ ਹੁਣ ਬੀਬਾ,
ਹੱਥ ਪੈਰ ਵੀ ਇਨ੍ਹਾਂ ਨੇ ਸਾੜ ਦਿੱਤੇ।

ਫੌਜੀ ਬੂਟਾਂ ਨੇ ਦਰੜ ਤੀ ਹਿੱਕ ਮੇਰੀ,
ਚੁੰਨੀ ਫ਼ਸੀ ਕੰਡਿਆਲੀ ਤਾਰ ਅੰਦਰ।
ਕਿਵੇਂ ਮਿਲਾਂਗੀ ਵਾਹਗੇ ਦੇ ਪੁੱਤਰਾਂ ਨੂੰ,
ਫਸ ਗਈ ਆਂ ਫੌਜਾਂ ਦੀ ਮਾਰ ਅੰਦਰ।

ਉਸ ਨਾਲੋਂ ਅਭਾਗੀ ਨਾ ਮਾਂ ਕੋਈ,
ਜੀਹਦੇ ਪੁੱਤਰਾਂ ਨਾ ਦੁਸ਼ਮਣ ਨੂੰ 'ਓਏ' ਆਖੀ।
ਰੱਬਾ ਮੇਰਿਆਂ ਮੈਨੂੰ ਤਾਂ ਇਹ ਝੋਰਾ,
ਕਿਵੇਂ ਕਰਨਗੇ ਆਪਣੀ ਇਹ ਆਪ ਰਾਖੀ ?

ਤੁਸੀਂ ਦੁਸ਼ਮਣ ਨੂੰ ਆਪਣਾ ਸਮਝ ਬੈਠੇ,
ਆ ਗਏ ਓ ਦੁਸ਼ਮਣ ਦੀ ਚਾਲ ਅੰਦਰ।
ਘਰੋਂ ਤੁਰੇ ਸੀ ਮਾਂ ਛਡਾਣ ਖਾਤਰ,
ਸੁੱਟ ਗਏ ਓ ਉਲਟਾ ਜਾਲ ਅੰਦਰ।

ਖ਼ੂਨ-ਖ਼ੂਨ ਨਾਲ ਮਿਲਦਾ ਦੇਖਕੇ ਵੀ,
ਥੋਨੂੰ ਜਾਗਦੈ ਮਾਂ ਦਾ ਮੋਹ ਕੇ ਨਹੀਂ?
ਤਾਰ ਚੀਰਦੀ ਦੇਖਕੇ ਹਿੱਕ ਮੇਰੀ,
ਥੋਡੇ ਪੈਂਦੀ ਕਲੇਜੜੇ ਖੋਹ ਕੇ ਨਹੀਂ?

ਤੁਸੀਂ ਜਾਂ ਤਾਂ ਜੈਲੀਆਂ ਦੇ 'ਝੋਲੀ ਚੁੱਕ' ਹੋ ਗਏ,
ਜਾਂ ਫਿਰ ਮਰ ਗਿਆ ਮਮਤਾ ਦਾ ਕਣ ਥੋਡਾ
ਜਖ਼ਮੀ ਪਈ ਮਾਤਾ ਨੂੰ ਦੇਖਕੇ ਵੀ,
ਪਿਘਲਿਆ ਅਜੇ ਵੀ ਨਾ ਪੱਥਰ ਮਨ ਥੋਡਾ।

ਹੱਥ ਨੂੜ ਕੇ ਜ਼ਾਲਮ ਕੋਹਣ ਲੱਗੇ,
ਜ਼ਖ਼ਮੋਂ ਬਚਿਆ ਨਾ ਜਿਸਮ ਦਾ ਵਾਲ ਕੋਈ।
ਲੋਹਾ ਲਵੇਗਾ ਦੁਸ਼ਮਣਾਂ ਨਾਲ ਕਿਹੜਾ?
ਉੱਠੇ ਹੈ ਤਾਂ ਮਾਈ ਦਾ ਲਾਲ ਕੋਈ।

ਜ਼ੈਲਦਾਰਾਂ ਤਾਂ ਬੜਾ ਹੀ ਜ਼ੋਰ ਲਾਇਆ,
ਕਿ ਵੱਢ ਦੇਣੀ ਵਚਾਲਿਓਂ ਧੜ ਮੇਰੀ।
ਬਹੁੜ ਪਵੋਂ ਅਜੇ ਵੀ ਪੁੱਤਰੋ ਜੇ,
ਹੋਰ ਲੰਮੀ ਹੈ ਅਜੇ ਵੀ ਜੜ੍ਹ ਮੇਰੀ।

ਬੇਹਾਲ ਪਈ ਦੀ ਧੌਣ 'ਤੇ ਵੀ,
ਰੱਖੀ ਇਹਨਾਂ ਤਲਵਾਰ ਲਟਕਾ ਮੇਰੇ।
ਬੋਲੀ, ਸਭਿਆਚਾਰ 'ਤੇ ਪਾਣੀਆਂ ਨੇ,
ਸਾਹ ਰੱਖੇ ਨੇ ਅਜੇ ਅਟਕਾ ਮੇਰੇ।

ਰੱਖ ਹੌਸਲਾ ਅੱਗੇ ਨੂੰ ਆਓ ਬੇਟਾ
ਮੇਰੀਆਂ ਬਾਹਾਂ ਨੂੰ ਬੜੀ ਉਡੀਕ ਥੋਡੀ।
ਭੈੜਿਓ ਐਵੇਂ ਕਿਉਂ ਢੇਰੀ ਢਾਈ ਬੈਠੇ,
ਉੱਚੀ ਰਹੀ ਹੈ ਸਦਾ ਹੀ ਗੀਤ ਥੋਡੀ।

ਇੱਕ ਵਾਰ ਤਾਂ ਥਣਾਂ ਨੂੰ ਮੂੰਹ ਪਾਵੋ,
ਮੈਂ ਸਮਝਾਂਗੀ ਖੁਸ਼ਨਸੀਬ ਬੇਟਾ।
ਜਾਗ ਪਵੇਗਾ ਗੋਦੀ ਦਾ ਨਿੱਘ ਮੇਰਾ,
ਮੁੜ ਆਵੇਗਾ ਛਾਤੀ ਦਾ ਸ਼ੀਰ ਬੇਟਾ।

ਵੰਡ ਮੇਰੇ ਜਿਸਮ ਦੀ ਪਾਉਣ ਖਾਤਰ,
ਚੁੱਕ ਲਏ ਇਨ੍ਹਾਂ ਹਥਿਆਰ ਬੇਟਾ।
ਨਾਂ ਮਾਂ ਦਾ ਰੱਬ ਦਾ ਨਾਂ ਹੁੰਦਾ
ਕਰਕੇ ਵੇਖ ਲਉ 'ਜੀਤ' ਵਿਚਾਰ ਬੇਟਾ।

ਹਿੱਕ ਪਾੜਦੀ ਖੂਨੀ ਤਲਵਾਰ ਮੇਰੀ,
ਹਾੜ੍ਹੇ! ਇੰਜ ਬਟਵਾਰਾ ਨ ਕਰਨ ਦੇਣਾ।
ਤੜਫਦੀ ਰਹਾਂਗੀ ਪੁੱਤ ਵਿਯੋਗ ਅੰਦਰ,
ਮੈਨੂੰ ਹਾੜ੍ਹੇ! ਇੰਜ ਨ ਮਰਨ ਦੇਣਾ।
ਮੈਨੂੰ ਹਾੜ੍ਹੇ! ਇੰਜ ਨਾ ਮਰਨ ਦੇਣਾ

➢➢➢

## ਗੁਰੂ ਨਾਨਕ ਸਾਹਿਬ ਸੱਜਣ ਠੱਗ ਨਾਲ

ਸੱਜਣਾ ਓਏ ਤੂੰ ਸੱਜਣ ਹੋ ਕੇ ਐਸੇ ਕਰਮ ਕਮਾਨੈਂ।
ਮੂੰਹੋਂ ਬੋਲੇਂ ਰਾਮ ਰਾਮ ਤੇ ਅੰਦਰੋਂ ਛੁਰੀ ਚਲਾਨੈਂ।

ਲੋਕਾਂ ਦੇ ਨਾਲ ਕਰੇਂ ਮਕਾਰੀ ਖੋਲ੍ਹ ਧਰਮ ਦਾ ਡੇਰਾ।
ਰਾਤ ਰਹਿਣ ਲਈ ਆਉਣ ਮੁਸਾਫ਼ਰ ਤੱਕ ਆਸਰਾ ਤੇਰਾ।
ਜ਼ਾਲਮ ਆਪਣੇ ਕਾਰੇ ਕਿਉਂ ਤੂੰ ਰੱਬ ਦੇ ਹੇਠ ਲੁਕਾਨੈਂ।
ਮੂੰਹੋਂ ਬੋਲੇ ........................

ਦਿਨੇ ਕਰੇਂ ਉਪਦੇਸ਼ ਸੱਜਣਾ ਰਾਤੀ ਜ਼ੁਲਮ ਕਮਾਵੇਂ।
ਲੋਕਾਂ ਦੇ ਨਾਲ ਮਾਰ ਠੱਗੀਆਂ ਉੱਚੇ ਮਹਿਲ ਤੂੰ ਪਾਵੇਂ।
ਭੋਲੇ ਭਾਲੇ ਰਾਹੀਆਂ ਨੂੰ ਤੂੰ ਜਾਨੋਂ ਮਾਰ ਮੁਕਾਨੈਂ।
ਮੂੰਹੋਂ ਬੋਲੇ ........................

ਜ਼ੁਲਮਾਂ ਦੇ ਵਿੱਚ ਗਰਕ ਹੋ ਗਿਆ ਰੱਬ ਦਾ ਖੌਫ਼ ਭੁਲਾਇਆ।
ਕੀਹਨੇਂ ਉਹਨੂੰ ਵੇਖਿਆ ਕਹਿੰਦਾ, ਕਿਸ ਨੇ ਉਹਨੂੰ ਪਾਇਆ।
ਵਿੱਚੋਂ ਫਿਰਦਾ ਕੂੜ ਦਾ ਭਰਿਆ, ਉਪਰੋਂ ਨਾਮ ਧਿਆਨੈਂ।
ਮੂੰਹੋਂ ਬੋਲੇ ........................

ਬਗਲੇ ਵਾਂਗਰ ਭਗਤੀ ਕਰਦੈਂ ਮਨ ਅੰਦਰੋਂ ਹੈ ਕਾਲਾ।
ਇੱਕ ਲੱਤ 'ਤੇ ਲਾਏਂ ਸਮਾਧੀ ਬਣਦਾ ਭੋਲਾ ਭਾਲਾ।
ਫ਼ਸਗੀ ਜਦ ਕੋਈ ਮੱਛੀ ਵਿਚਾਰੀ, ਫੇਰ ਨਾ ਦੇਰ ਲਗਾਨੈਂ।
ਮੂੰਹੋਂ ਬੋਲੇ .........................

ਜਿਨ੍ਹਾਂ ਲਈ ਤੂੰ ਪਾਪ ਕਮਾਨੈਂ, ਕੰਮ ਨਾ ਆਉਣੇ ਤੇਰੇ।
ਸਾਈਂ ਦੇ ਦਰਬਾਰ ਕਮਲਿਆ, ਅਮਲਾਂ ਨਾਲ ਨਬੇੜੇ।
ਚੱਜ ਦਾ ਕੋਈ ਤੂੰ ਕਰਮ ਕਮਾਲੈ, 'ਜੀਤ' ਕਿਉਂ ਉਮਰ ਗਵਾਨੈਂ।
ਮੂੰਹੋਂ ਬੋਲੇ ...........................

ਸੱਜਣਾ ਓਏ ਤੂੰ ਸੱਜਣ ਹੋ ਕੇ, ਐਸੇ ਕਰਮ ਕਮਾਨੈਂ।
ਮੂੰਹੋਂ ਬੋਲੇ ਰਾਮ ਰਾਮ, ਤੇ ਅੰਦਰੋਂ ਛੁਰੀ ਚਲਾਨੈਂ।

## ਕੁਰਸੀ

ਕੋਕੇ ਜੜ੍ਹ ਕੇ ਮਖ਼ਮਲੀ ਗੱਦੀਆਂ 'ਤੇ
ਬੜੀ ਰੀਝ ਦੇ ਨਾਲ ਬਣਾਈ ਕੁਰਸੀ।
ਗੱਦੇਦਾਰ ਪਲੰਘ ਦੇ ਵਾਂਗ ਪੋਲੀ
ਵੇਲ਼ ਬੂਟੀਆਂ ਦੀ ਹੋਈ ਸਜਾਈ ਕੁਰਸੀ।
ਇਹਦਾ ਨਵੇਂ ਅੰਦਾਜ਼ ਦਾ ਢੋਅ ਉੱਚਾ,
ਰੰਗ ਰੋਗਨ ਦੀ ਇਉਂ ਚਮਕਾਈ ਕੁਰਸੀ।
ਸੁਰਖੀ ਪਾਉਡਰ ਤੇ ਹਾਰ ਸ਼ਿੰਗਾਰ ਲਾ ਕੇ
ਜਿਉਂ ਲਾੜੀ ਲਾੜੇ ਦੇ ਨਾਲ ਬਠਾਈ ਕੁਰਸੀ।
ਹਾਏ ਕੁਰਸੀ ਉਏ ਹਾਏ ਹਾਏ ਕੁਰਸੀ,
ਮੈਨੂੰ ਲੱਗਦੈ ਮੈਂ ਹੁਣੇ ਵਿਆਈ ਕੁਰਸੀ।
ਹਾਏ ਕੁਰਸੀ, ਓਏ .............

ਪੰਜ ਸਾਲ ਮੁੱਦਤਾਂ ਵਾਂਗ ਬੀਤੇ,
ਐਨਾ ਚਿਰ ਅੱਖਾਂ ਤੋਂ ਪਰ੍ਹਾਂ ਰਹੀ ਕੁਰਸੀ।
ਰਾਂਝਾ ਬਣਕੇ ਕੰਨ ਪੜਵਾ ਲੀਤੇ,
ਹੀਰ ਵਾਂਗਰਾਂ ਡੋਲੀ ਚੜ੍ਹ ਗਈ ਕੁਰਸੀ।
ਬਣਕੇ ਜੋਗੀ ਮੈਂ ਦਰ-ਦਰ ਖੈਰ ਮੰਗੀ,
ਕਿਹੜੇ ਕੈਦੋਂ ਦੀ ਕੱਛ ਵੜ ਗਈ ਕੁਰਸੀ।
ਤੇਰੇ ਇਸ਼ਕ ਨੇ ਬੜਾ ਖੁਆਰ ਕੀਤਾ
ਸਾਡੇ ਦਿਲ ਦੇ ਉੱਤੇ ਲੜ ਗਈ ਕੁਰਸੀ।
ਤੇਰੇ ਜਲਵੇ ਦਾ ਲੁਤਫ ਲੈਣ ਲਈ ਕੀਹਦਾ ਨਹੀਂ ਜੀ ਕਰਦਾ,
ਕਿਹੜੀ ਖੱਡ ਵਿੱਚ ਤੂੰ ਵੜ ਗਈ ਕੁਰਸੀ।
ਹਾਏ ਕੁਰਸੀ, ਓਏ ............

ਅੱਜ ਮਸਾਂ ਕੀੜੀ ਦੇ ਘਰੇ ਨਰਾਇਣ ਆਇਆ,
ਸਾਡੇ ਦਰ 'ਤੇ ਆਣ ਖੜ੍ਹ ਗਈ ਕੁਰਸੀ।
ਹੁਣ ਭੱਜਿਆਂ ਤੈਨੂੰ ਨਾ ਜਾਣ ਦਿੰਦੇ।
ਜੱਫ਼ਾ ਮਾਰ ਕੇ ਅਸਾਂ ਫੜ੍ਹ ਲਈ ਕੁਰਸੀ।
ਚਾਰੇ ਪੈਰਾਂ ਨੂੰ ਇਹਦੇ ਪਾ ਰੱਸਾ,
ਨਾਲ ਕਿੱਕਰ ਦੇ ਲਵੋ ਨਰੂੜ ਕੁਰਸੀ।

ਜੇ ਫੇਰ ਵੀ ਹਿੱਲਣ ਦੀ ਕਰੇ ਕੋਸ਼ਿਸ਼,
ਡਾਂਗ ਰੱਖਿਓ ਕੋਲ ਜ਼ਰੂਰ ਕੁਰਸੀ।
ਪੈਸੇ ਨਾਲ ਜੇ ਵਿਰ ਜਾਏ ਗੱਲ ਚੰਗੀ,
ਨਹੀਂ ਤਾਂ ਕੱਢ ਦਿਆਂਗੇ ਤੇਰਾ ਫਤੂਰ ਕੁਰਸੀ।
ਹਾਏ ਕੁਰਸੀ, ਓਏ ..............

ਲੱਠਮਾਰਾਂ ਦੀ ਫੌਜ ਤਿਆਰ ਸਾਡੀ,
ਹੈਂਕੜ ਭੰਨ ਦਿਆਂਗੇ ਜੇ ਬਣੀ ਮਗਰੂਰ ਕੁਰਸੀ।
ਤੇਰੀ ਖਾਤਰ ਦੇਸ਼ ਦੇ ਅਮਨ ਨੂੰ ਅੱਗ ਲਗਾ ਸਕਦੇ,
ਐਪਰ ਲੈ ਕੇ ਰਹਾਂਗੇ ਤੇਰਾ ਸਰੂਰ ਕੁਰਸੀ।
ਇਹ ਤੇਰੇ ਹੁਸਨ ਦੀ ਤਾਰੀਫ਼ ਹੈ ਸੋਹਣੀਏਂ ਨੀਂ,
ਕਿ ਅਸੀਂ ਜਿਉਂਦੇ ਮਰਗੇ ਬਿਨਾਂ ਕਸੂਰ ਕੁਰਸੀ।
ਹਾਏ ਕੁਰਸੀ, ਓਏ ................

ਤੇਰੇ ਹੁੰਦਿਆਂ ਸਾਡੀ ਹੈ ਸ਼ਾਨ ਵੱਖਰੀ,
ਜਣੇ ਖਣੇ ਤੋਂ ਸਲੂਟ ਲਗਾਏ ਕੁਰਸੀ,
ਉਏ ਨਾਢੂ ਖਾਂ ਵੀ ਮੋਮ ਦੇ ਵਾਂਗ ਢਲਦੇ,
ਸਾਡੇ ਪੈਰਾਂ ਦੇ ਸਿਰ ਝੁਕਾਏ ਕੁਰਸੀ।
ਕਾਰਾਂ, ਕੋਠੀਆਂ, ਵਦੇਸ਼ਾਂ ਦੀ ਸੈਰ ਹੁੰਦੀ,
ਰਾਤੀਂ ਮੇਮਾਂ ਦਾ ਨਾਚ ਵਖਾਏ ਕੁਰਸੀ।
ਨੀ ਤੇਰੇ ਹੁੰਦਿਆਂ ਯਾਰਾਂ ਦੀਆਂ ਪੌਂ-ਬਾਰਾਂ
ਸਾਰੇ ਪਾਸੇ ਵਾਧਾ ਈ ਵਾਧਾ, ਘਾਟਾ ਕਿਤੇ ਨਾ ਸਾਨੂੰ ਵਖਾਏ ਕੁਰਸੀ।
ਹਾਏ ਕੁਰਸੀ, ਓਏ .................

ਨੀਂ ਤੇਰੇ ਹੁੰਦਿਆਂ ਕਾਨੂੰਨ ਵੀ ਆਪਣੇ ਈ ਚਲਦੇ ਨੇ,
ਸਾਰੇ ਅਫ਼ਸਰਾਂ ਨੂੰ ਉਂਗਲਾਂ 'ਤੇ ਨਚਾਏ ਕੁਰਸੀ।
ਬੇਟੇ-ਬੇਟੀਆਂ ਪੜ੍ਹਨ ਵਿਦੇਸ਼ ਜਾਂਦੇ,
ਚਾਚੇ-ਤਾਇਆਂ ਨੂੰ ਚੇਅਰਮੈਨ ਲਗਾਏ ਕੁਰਸੀ।
ਉਹ ਤਾਂ ਤੇਰਾ ਹੀ ਹੋ ਕੇ ਰਹਿ ਜਾਂਦਾ,
ਜੀਹਨੂੰ ਇੱਕ ਵਾਰੀ ਬਾਂਹ ਫੜਾਏ ਕੁਰਸੀ।
ਤਾਈਓਂ ਤੈਨੂੰ ਘੁੱਟ ਕੇ ਜੱਫ਼ਾ ਮਾਰ ਲੈਂਦੇ,

ਇੱਕ ਵਾਰੀ ਜੀਹਨੂੰ ਮਿਲ ਜਾਏ ਕੁਰਸੀ।
ਤੇਰੇ ਵਿੱਚ ਹੈ ਕਿੰਨਾਂ ਨਿੱਘ ਹੀਰੇ,
ਨੀਂ ਝੂਟੇ ਸੁਰਗ ਦੇ ਏਥੇ ਈ ਝੁਟਾਏ ਕੁਰਸੀ।
ਹਾਏ ਕੁਰਸੀ, ਓਏ ................

ਕੈਂਚੀ ਨਾਲ ਮੁੰਨ ਕੇ ਭੇਡਾਂ-ਬੱਕਰੀਆਂ ਨੂੰ,
ਬੜੀ ਮਿਹਨਤ ਦੇ ਨਾਲ ਬਣਾਈ ਕੁਰਸੀ।
ਪਹਿਲਾਂ ਪਿਉ ਬੈਠਾ, ਫਿਰ ਪੁੱਤ ਬੈਠਾ,
ਹੁਣ ਪੋਤੇ ਨੂੰ ਅਸਾਂ ਸੰਭਾਈ ਕੁਰਸੀ।
ਇਹ ਭੇਡਾਂ ਵਿਚਾਰੀਆਂ ਬੜੀਆਂ ਸਾਊ ਨੇ,
ਮੁੱਠ ਘਾਹ ਬਦਲੇ ਇਹ ਉੱਨ ਲੁਹਾਉਣ ਕੁਰਸੀ।
ਅਸੀਂ ਭੇਡਾਂ ਦੀ ਬਲੀ ਹੀ ਚਾੜ੍ਹ ਦਿੰਦੇ,
ਜੇ ਦੁਸ਼ਮਣ ਸਾਡੀ ਕਦੇ ਹਿਲਾਉਣ ਕੁਰਸੀ।
ਹਾਏ ਕੁਰਸੀ, ਓਏ .....................

ਰੱਬਾ, ਤੇਰਾ ਮੈਂ ਕਿੰਨਾਂ ਸ਼ੁਕਰ-ਗੁਜ਼ਾਰ ਹੋਵਾਂ,
ਜੇ ਮਿਹਰ ਦੀ ਇੱਕ ਨਜ਼ਰ ਨਮਾਣੇ 'ਤੇ ਪਾਏਂ ਕੁਰਸੀ।
'ਓ ਬੱਲੇ-ਬੱਲੇ 'ਬਲਜੀਤ' ਦੀ ਭਲੂਰ 'ਚ ਹੋ ਜੇ'
ਜੇ ਟੁੱਟੀ-ਫੁੱਟੀ ਸਾਡੇ ਲਈ ਵੀ ਕੋਈ ਬਣਾਏਂ ਕੁਰਸੀ।
ਹਾਏ ਕੁਰਸੀ, ਓਏ ....................

➢➢➢

## ਦਾਤੇ ਦੀਆਂ ਦਾਤਾਂ

ਉਹ ਦਾਤਾ ਜਿਸ 'ਤੇ ਮਿਹਰ ਕਰੇ, ਉਹਨੂੰ ਕਰ ਦਵੇ ਵੇ ਕੱਖ ਤੋਂ ਲੱਖ ਬੰਦਿਆ।
ਉਸ ਦਾਤੇ ਨੇ ਦਾਤਾਂ ਦਿੱਤੀਆਂ ਨੇ, ਤੂੰ ਸਾਂਭ-ਸਾਂਭ ਕੇ ਰੱਖ ਬੰਦਿਆ।

ਦਾਤੇ ਨੇ ਦੇਹੀ ਦਿੱਤੀ ਐ, ਦੇਹੀ ਨੂੰ ਦੱਬ ਕੇ ਵਾਹ ਬੰਦਿਆ।
ਝੂਠ ਫਰੇਬ ਨੂੰ ਛੱਡ ਕੇ ਤੂੰ, ਹੱਕ ਸੱਚ ਦੀ ਰੋਟੀ ਖਾ ਬੰਦਿਆ।

ਤੂੰ ਅੰਦਰ ਝਾਤੀ ਮਾਰ ਜ਼ਰਾ।
ਵੇਖ ਅੱਲ੍ਹਾ ਦਾ ਸੰਸਾਰ ਜਰਾ।
ਕਿਉਂ ਫਿਰਦੈਂ ਉਸ ਤੋਂ ਵੱਖ ਬੰਦਿਆ।
ਉਸ ਦਾਤੇ ਨੇ .................

ਅਸੀਂ ਆਪਣੇ ਗਜ਼ ਬਣਾ ਲਏ ਨੇ, ਖੁਦ ਮਿਣਤੀ ਕਰੀਏ ਫੜ ਫੀਤਾ।
ਚੰਗਾ ਕੀਤਾ ਤਾਂ ਮੈਂ ਕੀਤਾ, ਜੇ ਮਾੜਾ ਹੋਇਆ ਤਾਂ ਰੱਬ ਕੀਤਾ।
ਕਿਉਂ ਕਰਦਾ ਤੂੰ ਹੰਕਾਰ ਫਿਰੇਂ
ਮਾੜੇ 'ਤੇ ਕਰਦਾ ਵਾਰ ਫਿਰੇਂ।
ਤੇਰੇ ਨਾਲ ਨ ਜਾਣਾ ਕੱਖ ਬੰਦਿਆ।
ਉਸ ਦਾਤੇ ਨੇ ....................

ਰੱਬ ਬੱਚੇ ਦਿੱਤੇ ਹੀਰਿਆਂ ਜਏ, ਇਹਨਾਂ ਦਾ ਗਹਿਣਾ ਪਾ ਸੱਜਣਾ।
ਸਾਡੇ ਪੁਰਖੇ ਸੁੱਚੇ ਮੋਤੀ ਨੇ, ਵਿੱਚ ਗਹਿਣੇ ਨਗ ਜੜਾ ਸੱਜਣਾ।
ਤੂੰ ਐਬਾਂ ਵਿੱਚ ਨ ਗਰਕ ਜਰਾ।
ਰੱਖ ਬੰਦਿਆਂ ਵਾਲੀ ਮੜਕ ਜਰਾ।
ਇਹ ਐਬ ਨੇ ਤਪਦਾ ਭੱਠ ਬੰਦਿਆ।
ਉਸ ਦਾਤੇ ਨੇ ..................

ਬਾਹਾਂ ਦਿੱਤੀਆਂ ਕਰਮ ਕਮਾਵਣ ਲਈ ਤੇ ਪੈਰ ਨੇ ਪੰਧ ਮੁਕਾਵਣ ਲਈ।
ਅੱਖੀਆਂ ਦੇ ਨਾਲ ਪਿਆਰ ਤੂੰ ਪਾ ਲੈ, ਜੀਭਾ ਦਿੱਤੀ ਰਸ ਮਿਲਾਵਣ ਲਈ।
ਉਸ ਦਾਤੇ ਦਾ ਮੰਨ ਅਹਿਸਾਨ ਜ਼ਰਾ।
'ਬਲਜੀਤ ਭਲੂਰੀਆ' ਬਣ ਇਨਸਾਨ ਜਰਾ।
ਤੂੰ ਛੱਡ ਦੇ ਕਰਨਾ ਹੱਠ ਬੰਦਿਆ।
ਉਸ ਦਾਤੇ ਨੇ .................

➢➢➢

## ਸੁੱਕਾ ਸਾਉਣ

ਸੁੱਕਾ ਲੰਘ ਗਿਆ ਸਾਉਣ ਮਹੀਨਾ, ਤੱਤੀਆਂ ਵਗਣ ਹਵਾਵਾਂ ਨੀ।
ਦੱਸ ਮਾਂ ਧਰਤੀਏ ਕਿੱਥੋਂ ਲਿਆਕੇ, ਤੈਨੂੰ ਪਾਣੀ ਘੁੱਟ ਪਿਲਾਵਾਂ ਨੀ।

ਹੁਣ ਨਾ ਕਾਲੀਆਂ ਚੜ੍ਹਨ ਘਟਾਵਾਂ, ਨਾ ਮੋਰਾਂ ਪੈਲਾਂ ਪਾਈਆਂ ਨੇ।
ਨਾ ਕੋਇਲ ਨੇ ਸੋਹਣੀ ਦੇ ਦਿਲ, ਤਾਰਾਂ ਇਸ਼ਕ ਦੀਆਂ ਲਰਜਾਈਆਂ ਨੇ।
ਖੂਹ ਵੀ ਸੁੱਕੇ, ਟੋਭ੍ਹੇ ਸੁੱਕਗੇ, ਦੱਸ ਹੁਣ ਕਿਹੜੇ ਖਾਤੇ ਜਾਵਾਂ ਨੀ।
ਦੱਸ ਮਾਂ ਧਰਤੀਏ ..........................

ਸਾਡੇ ਨਾਲ ਹੁਣ ਪਿੱਪਲ ਰੁੱਸਗੇ, ਦੱਸ ਪੀਂਘਾਂ ਕਿੱਥੇ ਪਾਈਏ ਨੀ।
ਭੱਠ ਵਾਂਗਰਾਂ ਧਰਤੀ ਤਪਦੀ, ਅਸੀਂ 'ਤੀਆਂ' ਕਿੰਜ ਲਗਾਈਏ ਨੀ
ਦੱਸ ਹੁਣ ਗਿੱਧੇ ਦੇ ਵਿੱਚ ਮਾਏ, ਬੋਲੀ ਕਿਹੜੇ ਸਾਉਣ ਦੀ ਪਾਵਾਂ ਨੀ।
ਦੱਸ ਮਾਂ ਧਰਤੀਏ ..........................

ਸਾਉਣ ਮਹੀਨੇ ਝੜੀ ਨਾ ਲੱਗਦੀ, ਨਾ ਖਾਧੇ ਖੀਰਾਂ ਪੂੜੇ ਨੀ
ਹੁਣ ਨਾ ਇਥੇ ਡੱਡੂ ਬੋਲਦੇ, ਰਹਿ ਗਏ ਸਾਉਣ ਅਧੂਰੇ ਨੀ।
ਤੇਰੀ ਸਭ ਹਰਿਆਲੀ ਖਾ ਕੇ, ਕਿਸੇ ਡੈਣ ਨੇ ਅੱਡੀਆਂ ਬਾਹਵਾਂ ਨੀ।
ਦੱਸ ਮਾਂ ਧਰਤੀਏ .........................

ਹੁਣ ਬੀਂਡਾ ਨਾ ਰਾਗ ਸੁਣਾਵੇ, ਜੋ ਤਰਸਦਾ ਬੂੰਦ ਸਵਾਂਤੀ ਨੂੰ।
ਨਾ ਸਾਉਣ ਮਹੀਨੇ ਬੱਚੇ ਠੇਲ੍ਹਦੇ, ਗਲੀਆਂ ਵਿੱਚ ਕਾਗਜ਼ ਕਿਸ਼ਤੀ ਨੂੰ।
ਮੇਰੇ ਕੋਲੋਂ ਸਭ ਚਾਰੇ ਮੁੱਕਗੇ, ਇੱਕ ਰੱਬ ਨੂੰ ਵਾਸਤਾ ਪਾਂਵਾਂ ਨੀ।
ਦੱਸ ਮਾਂ ਧਰਤੀਏ ..........................

ਪਿੰਡ 'ਭਲੂਰ' 'ਚ ਪੈਂਦਾ ਹੁਣ ਤਾਂ ਸਾਉਣ ਮਹੀਨੇ ਸੋਕਾ ਨੀ।
ਅੱਜਕੱਲ੍ਹ ਨ ਵਣਜਾਰਾ ਦੇਂਦਾ, ਗਲੀਆਂ ਦੇ ਵਿੱਚ ਹੋਕਾ ਨੀ।
'ਜੀਤ ਨਿਮਾਣਾ' ਮਰੇ ਪਿਆਸਾ, ਪਾਣੀ-ਪਾਣੀ ਮੈਂ ਕੁਰਲਾਵਾਂ ਨੀ।
ਦੱਸ ਮਾਂ ਧਰਤੀਏ ........................

➢➢➢

## ਗੁਰੂ ਗੋਬਿੰਦ ਸਿੰਘ ਬੰਦਾ ਬਹਾਦਰ ਨੂੰ

ਮਾਧੋ ਦਾਸ ਤੋਂ ਬੰਦਾ ਸਿੰਘ ਬਣਿਓ,
ਲੈਣਾ ਜ਼ੁਲਮ ਦੇ ਸੰਗ ਟਕਰਾ ਬੰਦਿਆ।
ਕਰਜਾ ਸਾਡਿਆਂ ਸਿਰਾਂ ’ਤੇ ਸਰਹੰਦ ਦਾ ਜੋ,
ਲਾਹੁਣਾ ਇੱਟ ਨਾਲ ਇੱਟ ਖੜਕਾ ਬੰਦਿਆ।

ਲਾਹ ਛੱਡ ਤੂੰ ਬਾਣਾ ਦੰਭੀਆਂ ਦਾ,
ਆ ਕੇ ਲੋਕਾਂ ਦੇ ਵਿੱਚ ਪ੍ਰਵੇਸ਼ ਹੋ ਜਾ।
ਤੇਰੇ ਜਿਹੇ ਜਰਨੈਲ ਨੂੰ ਉਡੀਕਦੇ ਜੋ,
ਉਹਨਾਂ ਲੋਕਾਂ ਦੇ ਅੱਗੇ ਤੂੰ ਪੇਸ਼ ਹੋ ਜਾ।

ਇਹ ਡੇਰਾ ਨਹੀਓ ਹੈ ਇੱਕ ਐਸ਼ ਬੰਗਲਾ,
ਦੇਖ ਲਿਆ ਹੈ ਮੈਂ ਆਪ ਜਾ ਕੇ,
ਕਰਾਮਾਤਾਂ ਦੀ ਸ਼ਕਤੀ ਨਹੀਂ ਕੰਮ ਦੇਣਾ।
ਦੇਖ ਲਿਆ ਜ਼ੋਰ ਤੂੰ ਆਪ ਲਾ ਕੇ।

ਕੇਰਾਂ ਲੋਕਾਂ ਵਿੱਚ ਜਾ ਕਿ ਦੇਈਂ ਹੋਕਾ,
ਤੇਰੀ ਮੱਦਦ ’ਤੇ ਸਾਰਾ ਪੰਜਾਬ ਆਉਣੈ।
ਜਾਨੋਂ ਵੱਧ ਜੋ ਇੱਜ਼ਤ ਨੂੰ ਪਿਆਰ ਕਰਦੇ,
ਨਹੀਂ ਕਿਸੇ ਦੇ ਮੂੰਹੋਂ ਜਵਾਬ ਆਉਣੈ।

ਜਿੱਥੇ ਅੱਗ ਮੱਚੇ ਉਥੇ ਸੇਕ ਹੁੰਦੈ,
ਇਸ ਸੇਕ ਦੇ ਅੰਦਰ ਵੀ ਸੜ੍ਹਨਾ ਪੈ ਸਕਦੈ।
ਨੌਂ ਮਹੀਨਿਆਂ ਦੇ ਸਖ਼ਤ ਘੇਰਿਆਂ ’ਚੋਂ,
ਭੁੱਖੇ ਢਿੱਡਾਂ ਨਾਲ ਲੜਨਾਂ ਵੀ ਪੈ ਸਕਦੈ।

ਲੜ ਮਰਨ ਲਈ ਲੋਕੀ ਤਿਆਰ ਬੈਠੇ,
ਏਨੇ ਦੁਖੀ ਨੇ ਲੋਕ ਨਵਾਬੀਆਂ ਤੋਂ।
ਪਾ ਭੱਥੇ ਆਹ ਪੰਜੇ ਤੀਰ ਮੇਰੇ,
ਖੋਹ ਲੈ ਗੱਦੀਆਂ ਜਾ ਕਵਾਬੀਆਂ ਤੋਂ।

ਕੱਠੇ ਕਰਕੇ ਭੁੱਖੇ ਨਤਾਣਿਆਂ ਨੂੰ,
ਅਸੀਂ ਜਾਬਰਾਂ ਸੰਗ ਲੜਾਵਣਾ ਹੈ।
ਸਦਾ ਘੁੱਗੀਆਂ ਦੇ ਅੰਡੇ ਨਾ ਪੀਣ ਦੇਣਾ,
ਅਸੀਂ ਚਿੜੀਆਂ ਤੋਂ ਬਾਜ ਤੁੜਾਵਣਾ ਹੈ।

ਮਰਨਾ ਦੱਸਿਆ ਸਾਨੂੰ ਪਿਤਾ ਨੇ ਹੈ,
ਲੋਕ ਹਿੱਤਾਂ ਲਈ ਕਿਵੇਂ ਕੁਰਬਾਨ ਹੋਣਾ
ਜਿਨ੍ਹਾਂ ਕੋਲ ਨਾ ਜਜ਼ਬਾ ਕੁਰਬਾਨੀਆਂ ਦਾ,
ਆਖਰ ਉਨ੍ਹਾਂ ਨੇ ਕੱਲ੍ਹ ਗੁਲਾਮ ਹੋਣਾ।

ਸਿਰ ਉੱਤੇ ਚੱਲੇਗਾ ਜਦੋਂ ਆਰਾ,
ਓਦੋਂ ਤੇਰੇ ਸਿਰੜ ਦੀ ਪਰਖ ਹੋਣੀ।
ਪੂੰਜੀ ਸਿੱਖ ਸਿਧਾਂਤਾਂ ਦੀ ਜੋੜਦਾ ਹੈਂ ?
ਜਾਂ ਤਿੱਖਿਆਂ ਦੰਦਿਆਂ ਮੂਹਰੇ ਗਰਕ ਹੋਣੀ ?

ਦਿੱਲੀ ਕਿੰਨੀ ਇਖ਼ਲਾਕ ਤੋਂ ਗਿਰ ਚੁੱਕੀ,
ਸਿੱਖਿਆ ਤੁਸੀਂ ਸਰਹੰਦ ਤੋਂ ਲੈ ਸਕਦੇ।
ਇਸ ਪਾਕ ਪਵਿੱਤਰ ਕਾਜ ਲਈ ਤਾਂ,
ਟੋਟੇ ਪੁੱਤਾਂ ਦੇ ਗਲੀਂ ਵੀ ਪੈ ਸਕਦੇ।

ਪਿੰਜਰੇ ਲੋਹੇ ਦੇ ਕੈਦ ਨਾ ਕਰ ਸਕਦੇ,
ਐਸਾ ਜਿਸਮ ਫੌਲਾਦੀ ਹੋਏ ਤੇਰਾ।
ਅੰਦਰੋਂ ਸਿੱਖੀ ਦਾ ਲਾਵਾ ਫੁੱਟ ਉੱਠੇ।
ਜਦੋਂ ਪਿੰਡਾ ਗਰਮ ਜਮੂਰ ਕੋਏ ਤੇਰਾ।

ਕਾਫ਼ਰ ਕੰਬ ਉੱਠਣ ਤੇਰਾ ਨਾਂ ਸੁਣਕੇ,
ਐਸਾ ਜੋਸ਼ ਤਲਵਾਰ ਵਿੱਚ ਭਰੀਂ ਬੇਟਾ।
'ਬਲਜੀਤ ਭਲੂਰੀਏ' ਵਰਗੇ ਨਿੱਤ ਮਰਦੇ।
ਤੂੰ ਸ਼ੇਰਾਂ ਵਾਂਗਰ ਮੌਤ ਨੂੰ ਵਰੀਂ ਬੇਟਾ।

➢➢➢

# ਕੁਦਰਤ

ਵਾਹ ਰੇ ਕੁਦਰਤ, ਵਾਹ ਰੇ ਕੁਦਰਤ, ਤੇਰੇ ਰੰਗ ਨਿਆਰੇ।
ਕਿਧਰੇ ਡੋਬਾ, ਕਿਧਰੇ ਸੋਕਾ, ਕਿਧਰੇ ਮਹਿਲ ਮੁਨਾਰੇ।

ਆਇਆ ਭੂਚਾਲ ਤੇ ਹੋਇਆ ਸਫਾਇਆ, ਧਰਤੀ ਪੱਧਰ ਕੀਤੀ।
ਜੱਗ ਦੇ ਉੱਤੇ ਪਰਲੋ ਆ ਗਈ, ਅਣਹੋਣੀ ਕੀ ਬੀਤੀ।
ਰੋਵੇ ਤੇ ਕੁਰਲਾਵੇ ਦੁਨੀਆਂ, ਹਨ ਵਖਤਾਂ ਦੇ ਮਾਰੇ।
ਵਾਹ ਰੇ ਕੁਦਰਤ .......................

ਧਰਤੀ ਅੱਗ ਵਾਂਗਰਾਂ ਤਪਦੀ, ਕਿਧਰੇ ਪੈਂਦੀਆਂ ਬਰਫ਼ਾਂ
ਕਿਸੇ ਨੂੰ ਮੰਜੀ ਨਸੀਬ ਨਾ ਹੋਵੇ, ਕੋਈ ਤਾਰੀ ਲਾਉਂਦਾ ਅਰਸ਼ਾਂ
ਕਿਸੇ ਦੇ ਦੀਵੇ ਗੁਲ ਨੇ ਹੁੰਦੇ, ਕਿਧਰੇ ਖਿੜਨ ਸਤਾਰੇ।
ਵਾਹ ਰੇ ਕੁਦਰਤ .....................

ਕਿਧਰੇ ਉੱਚੇ ਪਹਾੜ ਨੇ ਦਿਸਦੇ, ਕਿਧਰੇ ਡੂੰਘੀਆਂ ਖਾਈਆਂ
ਕਿਤੇ ਫੁੱਲਾਂ ਨੇ ਮਹਿਫ਼ਲ ਲਾਈ, ਕਿਤੇ ਉਦਾਸੀਆਂ ਛਾਈਆਂ
ਕਿਸੇ ਦੇ ਬੱਚੇ ਭੁੱਖੇ ਸੌਂਦੇ, ਕਿਸੇ ਦੇ ਭਰੇ ਭੰਡਾਰੇ।
ਵਾਹ ਰੇ ਕੁਦਰਤ ....................

ਚੰਨ ਤਾਰੇ ਤੇ ਸੂਰਜ, ਸਾਡੇ ਜੀਵਨ ਨੂੰ ਪ੍ਰਣਾਏ।
ਰੁੱਖ ਸਵਾਸ ਲਈ ਹਵਾ ਦਿੰਦੇ ਨੇ, ਧਰਤੀ ਗੋਦ ਖਿਲਾਏ।
ਝਰਨੇ, ਝੀਲਾਂ ਅਤੇ ਸਮੁੰਦਰ, ਤੋਹਫ਼ੇ ਬੜੇ ਪਿਆਰੇ।
ਵਾਹ ਰੇ ਕੁਦਰਤ .....................

ਲੱਖ ਯਤਨ ਕੋਈ ਕਰ ਲਏ ਭਾਵੇਂ, ਤੂੰ ਕਾਬੂ ਨ ਆਵੇਂ।
ਰਾਜਿਆਂ ਕੋਲੋਂ ਭੀਖ ਮੰਗਾਵੇਂ, ਰੰਕੋਂ ਰਾਜ ਬਿਠਾਵੇਂ।
'ਜੀਤ ਨਿਮਾਣਾ' ਸਮਝ ਨਾ ਸਕਿਆ, ਤੇਰੇ ਅਜਬ ਨਜ਼ਾਰੇ।
ਵਾਹ ਰੇ ਕੁਦਰਤ ......................

➢➢➢

# ਬਾਲ ਮਜ਼ਦੂਰੀ

ਸਾਨੂੰ ਕਿਸੇ ਨ ਲਾਡ ਲਡਾਇਆ।
ਨ ਹੀ ਗੋਦੀ ਵਿੱਚ ਖਿਡਾਇਆ।
ਜੰਮਣ ਵਾਲਿਆਂ ਜੰਮਤਾ ਸਾਨੂੰ,
ਪਿਆਰ ਨਾਲ ਨ ਕਿਸੇ ਬੁਲਾਇਆ।
ਖੇਲਣ ਮੱਲਣ ਦੀ ਰੁੱਤੇ ਹੀ, ਅਸੀਂ ਜ਼ੁਲਮ ਦਾ ਸੇਕ ਹੰਢਾਇਆ।

ਖ਼ੂਨ ਸਾਡੇ ਤੋਂ ਲੈ ਉਧਾਰੀ, ਇੱਟਾਂ ’ਤੇ ਲਾਲੀ ਛਾਈ ਏ।
ਮੁੜ੍ਹਕੇ ਨਾਲ ਇਹ ਰਜਦੀ ਨਹੀਓਂ, ਖ਼ੂਨ ਨਾਂ ਪਿਆਸ ਬੁਝਾਈ ਏ,
ਸਭਨਾਂ ਦੀ ਅਸੀਂ ਪਿਆਸ ਬੁਝਾਈਏ, ਪੇਟ ਸਾਡਾ ਤਾਂ ਰਹੇ ਤਿਹਾਇਆ।
ਖੇਲਣ ........................

ਢਾਬੇ ਦੇ ਜੂਠੇ ਬਰਤਣਾਂ ਵਿੱਚ, ਦੱਸੋ ਕੌਣ ਹੱਥਾਂ ਨੂੰ ਗਾਲ੍ਹੇਗਾ।
ਲੋਕਾਂ ਦੀ ਛੱਡੀ ਜੂਠ ਵਿੱਚੋਂ, ਦੱਸੋ ਕਿਹੜਾ ਬੁਰਕੀਆਂ ਭਾਲ੍ਹੇਗਾ।
ਮਾਂ ਭੁੱਲ ਗਈ ਸਾਡਾ ਸਿਰ ਪਲੋਸਣਾ, ਪਿਉ ਨੇ ਵੀ ਨਾ ਪਿਆਰ ਜਤਾਇਆ।
ਖੇਲਣ.........................

ਵਿੱਦਿਆ ਸਾਨੂੰ ਧੱਕੇ ਮਾਰਦੀ, ਜਿਉਂ ਥਾਣੇ ਵਿੱਚ ਚੋਰਾਂ ਨੂੰ।
ਲਾਟ ਸਾਹਿਬ ਦੀ ਸ਼ਾਦੀ ਮਗਰੋਂ, ਪਸ਼ੂ ਫਰੋਲਣ ਖੋਰਾਂ ਨੂੰ,
ਬੱਚੇ ਦੇਸ਼ ਦਾ ਧਨ ਹਨ ਕਹਿੰਦੇ, ਥਾਂ-ਥਾਂ ਉੱਤੇ ਝੂਠ ਲਿਖਾਇਆ।
ਖੇਲਣ .........................

ਸਾਡੇ ਹੱਥਾਂ ਦੀਆਂ ਲਕੀਰਾਂ, ਦੱਸੋ ਕਿਉਂ ਮਿਟ ਗਈਆਂ ਨੇ।
ਫੈਕਟਰੀਆਂ ਨੇ ਚਮੜੀ ਲਾਹ ਲਈ, ਹੱਥ ਫੂਕ ਤੇ ਵਹੀਆਂ ਨੇ।
ਰੱਬ ਦਾ ਰੂਪ ਕਹਾਵਣ ਵਾਲਾ, ਤੰਗੀਆਂ ਹੱਥੋਂ ਹੈ ਮਰਵਾਇਆ।
ਖੇਲਣ ........................

ਪਾਗਲ ਹੋਇਆ ‘ਜੀਤ ਨਿਮਾਣਾ’ ਫਿਰਦਾ ਵਾਂਗ ਫਕੀਰਾਂ ਦੇ।
ਪਾਟੀ ਇਹਦੇ ਤੇੜ ਲੰਗੋਟੀ, ਫਸਗੀ ਵਿੱਚ ਕਰੀਰਾਂ ਦੇ।
ਫਿਰਦਾ ਫਿਰਦਾ ਕਨੇਡਾ ਆ ਗਿਆ, ਪਿੰਡ ‘ਭਲੂਰ’ ਦਾ ਹੈ ਇਹ ਜਾਇਆ।
ਖੇਲਣ ........................

➢➢➢

## ਸਮਾਂ

ਸਮਾਂ ਸਮੇਂ ਦੀ ਤੋਰ ਪਛਾਣਦਾ ਏ,
ਸਮਾਂ ਸਾਰੇ ਹੀ ਦਾਓ-ਪੇਚ ਜਾਣਦਾ ਏ।

ਕਾਲੀ ਰਾਤ ਨੇ ਜੇ ਹਨ੍ਹੇਰ ਪਾਇਆ।
ਸੂਰਜ ਚਾਨਣ ਦੀ ਕਿਰਨ ਬਖੇਰਦਾ ਏ।

ਜੇਕਰ ਸਮੇਂ ਨੇ ਜ਼ੁਲਮ ਦੀ ਅੱਤ ਚੁੱਕੀ।
ਤਾਂ ਗੋਬਿੰਦ ਸਮੇਂ ਨੂੰ ਲਲਕਾਰਦਾ ਏ।

ਸਾਮਰਾਜੀਆਂ ਲੋਕਾਂ ਦੀ ਲੁੱਟ ਕੀਤੀ।
ਤਾਂ ਲੈਨਿਨ, ਮਾਰਕਸ ਉੱਗ ਆਂਵਦਾ ਏ।

ਸਾਰੀ ਧਰਤੀ ’ਤੇ ਗੋਰਿਆਂ ਰਾਜ ਕਰਿਆ।
ਇਹ ਹਿਟਲਰ ਨੂੰ ਹਰਾਵਣ ਜਾਣਦਾ ਏ।

ਰਾਤੋ-ਰਾਤ ਇਹ ਕਿਸੇ ਨੂੰ ਤਖਤ ਬਖਸ਼ੇ।
ਕਦੇ ਰਾਜੇ ਤੋਂ ਭੀਖ ਮੰਗਾਂਵਦਾ ਏ।

ਸਮਾਂ ਜ਼ਿਆਦਾ ਨ ਕਿਸੇ ਨੂੰ ਸਮਾਂ ਦਿੰਦਾ।
ਕਦਰਦਾਨ ਦੀ ਕਦਰ ਇਹ ਪਾਂਵਦਾ ਏ।

ਜਿਹੜਾ ਸਮੇਂ ਦੀ ਕਦਰ ਨਾ ਕਰੇ ਲੋਕੋ।
‘ਜੀਤ ਨਿਮਾਣੇ’ ਵਾਂਗ ਪਛਤਾਂਵਦਾ ਏ।

➢➢➢

# ਦਿਉਰ-ਭਰਜਾਈ

ਛੋਟਾ ਦੇਵਰਾ ਕਿਓਂ ਐਨਾ ਅੜਿਆ ਉਏ,
ਕਿ ਕੋਮਲ ਫੁੱਲ ਵਰਗੀ ਭਰਜਾਈ ਨ ਲੜਿਆ ਉਏ।

ਪਾ ਕੇ ਸ਼ੱਕਰ ਦੇ ਵਿੱਚ ਦਹੀ ਲਿਆਂਦਾ ਵੇ।
ਕਿ ਖਾ ਲੈ ਸੋਹਣਿਆਂ ਮੇਰਾ ਕਹੇ ਪਰਾਂਦਾ ਵੇ।

ਹੋ ਮੰਨ ਜਾ ਮਿਨਤ ਕਰੇ ਅੱਜ ਭਾਬੋ ਤੇਰੀ ਵੇ।
ਕਿ ਰੋ-ਰੋ ਤਰਲੇ ਪਾਉਂਦੀ ਝਾਂਜਰ ਮੇਰੀ ਵੀ।

ਸੁਣ ਲਈ ਗੱਲ ਕਿਤੇ ਜੇ ਵੀਰ ਤੇਰੇ ਨੇ।
ਗੁੱਸੇ ਹੋਣੈ ਰੱਬ ਵਰਗੇ ਸਿਰ ਸਾਈਂ ਮੇਰੇ ਨੇ।

ਤੂੰ ਜਿੱਤਿਆ ਮੈਂ ਹਾਰੀ ਲੈ ਮੈਂ ਪੇਕੇ ਜਾਨੀ ਆਂ।
ਕਿ ਛੋਟੀ ਭੈਣ ਦਾ ਰਿਸ਼ਤਾ ਕੱਲ੍ਹ ਲਿਆਨੀ ਆਂ।

ਵੇ 'ਜੀਤ' ਨਿਮਾਣਿਆਂ ਹੱਥ ਮੈਂ ਕੰਨਾਂ ਨੂੰ ਲਾਂਦੀ ਆਂ।
ਕਿ ਗੋਰੀ ਛਮਕ ਜਹੀ ਤੈਨੂੰ ਭੈਣ ਵਿਆਂਹੰਦੀ ਆਂ .....।

➢➢➢

## ਵੰਗਾਰ

ਕਿਸੇ ਨੇ ਮੇਰੀ ਇੱਜ਼ਤ ਤੱਕ ਲਈ, ਕਿਸੇ ਨੇ ਤੱਕ ਲਈ ਆਨ।
ਮੈਂ ਧਰਤੀ ਪੰਜਾਬ ਦੀ ਲੋਕੋ, ਰੁੱਲ ਗਈ ਮੇਰੀ ਸ਼ਾਨ।

ਸੰਨ ਸੰਤਾਲੀ ਕੱਲ੍ਹ ਵੇਖਿਆ ਲੱਗੀ ਰੱਤ ਦੀ ਮਹਿੰਦੀ,
ਹਸਦੀ ਵਸਦੀ ਨਗਰੀ ਦੇ ਵਿੱਚ ਨਹਿਰ ਖੂਨ ਦੀ ਵਹਿੰਦੀ,
ਧੌਣ ਸ਼ਰਮ ਨਾਲ ਝੁਕ ਗਈ ਮੇਰੀ ਦੇਖ ਕੇ ਹੁੰਦੇ ਪੁੱਤ ਕੁਰਬਾਨ।
ਮੈਂ ਧਰਤੀ ........................

ਜਿਸਮ ਮੇਰੇ ਦੇ ਟੁੱਕੜੇ ਕੀਤੇ ਫੇਰ ਸੀ ਭਾਈਆਂ-ਭਾਈਆਂ,
ਕਿਸੇ ਨੂੰ ਮੇਰੀ ਮਮਤਾ ਆ ਗਈ ਕਿਸੇ ਨੂੰ ਅੱਖੀਆਂ ਆਈਆਂ,
ਕਿਵੇਂ ਮੈਂ ਸਭ ਨੂੰ ਸੀਰ ਪਿਲਾਵਾਂ ਕਿਵੇਂ ਮੈਂ ਦੇਵਾਂ ਮਾਣ।
ਮੈਂ ਧਰਤੀ ........................

ਕਿਸੇ ਸਮੇਂ ਸੀ ਜਿਸਮ ਮੇਰੇ ’ਤੇ ਵਗਦੇ ਪੰਜ ਦਰਿਆ,
ਮਾਣ ਮੈਨੂੰ ਸੀ ਜੁੱਸੇ ਉੱਤੇ ਕੌਣ ਤੱਕੂ ਮੇਰੀ ਵਾਅ,
ਵਾਰ ਗੋਰੇ ਨੇ ਐਸਾ ਕੀਤਾ ਕੱਢ ਲੈ ਗਿਆ-ਜਾਨ।
ਮੈਂ ਧਰਤੀ ........................

ਕੁੱਖ ’ਤੇ ਮੈਨੂੰ ਮਾਣ ਬੜਾ ਹੈ ਜੰਮੇ ਜਿਸ ਨੇ ਸੂਰੇ
ਭਗਤ, ਸਰਾਭੇ, ਸ਼ੇਰੇ, ਗੋਬਿੰਦ ਕੀਤੇ ਕਾਰਜ ਪੂਰੇ,
ਵਾਪਸ ਆ ਕੇ ਸੁਣ ਲਓ ਪੁੱਤਰੋ ਅੱਜ ਫਿਰ ਲੱਗੀ ਮਾਂ ਕੁਰਲਾਣ।
ਮੈਂ ਧਰਤੀ ........................

ਅੱਜ ਫਿਰ ਮੇਰੀ ਚੁੰਨੀ ਥੋਡੇ ਬੂਹੇ ਆਣ ਖਲੋਈ,
ਕੁੱਖ ਮੇਰੀ ’ਤੇ ਮਾਣ ਹੈ ਮੈਨੂੰ ਅਜੇ ਬਾਂਝ ਨਾ ਹੋਈ,
‘ਬਲਜੀਤ’ ਜੇ ਹੈ ਕੋਈ ਸਿੰਘ ਸੂਰਮਾ ਆਵੇ ਵਿੱਚ ਮੈਦਾਨ।
ਮੈਂ ਧਰਤੀ ........................

➢➢➢

## ਬੱਚੇ ਦੇ ਜਨਮ ਤੇ

ਉਤਰ ਚੰਨ ਅਸਮਾਨੋਂ ਆਇਆ।
'ਸਾਡੇ ਘਰ ਵਿੱਚ ਫੇਰਾ ਪਾਇਆ।

ਚਾਰ ਚੁਫੇਰੇ ਮਹਿਕ ਖਿੰਡਾਈ।
ਫੁੱਲਾਂ ਨੇ ਭਰ ਲਈ ਅੰਗੜਾਈ।

ਚਾਨਣ ਕੀਤਾ ਚਾਰ ਚੁਫੇਰਾ।
ਰਲ ਮਿਲ ਗਾਉਂਦੇ ਖੁਸ਼ੀ ਤੇ ਖੇੜਾ।

ਗੁਰ ਨਾਨਕ ਦੀ ਦੇਖੋ ਮਾਇਆ।
ਸਾਡੀ ਝੋਲੀ ਬੱਚਾ ਪਾਇਆ।

ਚਾਚੇ ਤਾਏ ਦੇਣ ਵਧਾਈਆਂ।
ਸੂਟ ਮੰਗਦੀਆਂ ਨੇ ਭਰਜਾਈਆਂ।

ਮਾਂ ਸਾਡੀ ਦਾ ਰੈਂਕ ਵਧਾਇਆ।
ਫੱਤੂ ਵੀ ਹੁਣ ਬਣ ਗਿਆ ਤਾਇਆ।

ਨਾਨੇ ਦਾਦੇ ਫੁੱਲੇ ਨਹੀਂ ਸਮੋਏ।
ਡੈਡੀ ਡੈਡੀ ਕਹਿੰਦੇ ਅਸੀਂ ਵੀ ਡੈਡੀ ਹੋਏ।
ਮੰਮੀ ਡੈਡੀ ਕਹਿੰਦੇ ਅਸੀਂ ਵੀ ਮੰਡੀ ਡੈਡੀ ਹੋਏ।

ਸਰਦਲ ਉੱਤੇ ਸਿਹਰੇ ਬੰਨ੍ਹੇ।
ਖੁਸਰੇ ਆ ਗਏ ਵੰਨ-ਸੁਵੰਨੇ।

ਰੱਬ ਤੁਹਾਡੀ ਵੇਲ ਵਧਾਵੇ।
ਅਗਲੇ ਸਾਲ ਵੀ ਮੁੰਡਾ ਆਵੇ।

ਇਹ ਫਲ ਮੈਂ ਇੱਕ ਐਸਾ ਡਿੱਠਾ।
ਜਿੰਨਾ ਕੱਚਾ ਓਨਾਂ ਮਿੱਠਾ।

ਮਿੱਠਾ-ਮਿੱਠਾ ਪਿਆਰਾ ਪਿਆਰਾ।
ਫੁੱਲਾਂ ਵਿੱਚ ਫੁੱਲ ਨਿਆਰਾ।

ਲੱਤਾਂ ਬਾਹਵਾਂ ਮਾਰ ਬੁਲਾਵੇ।
ਨਾ ਚੁੱਕੋ ਤਾਂ ਰੋਸ ਵਖਾਵੇ।

ਥੱਪੜ ਚੁੱਕੋ ਤਾਂ ਹੰਝੂ ਭਰਦਾ।
ਚੁੱਕ ਲਈਏ ਤਾਂ ਸੂ-ਸੂ ਕਰਦਾ।

ਭੁੱਖ ਲੱਗੇ ਤਾਂ ਟਿਊਂ-ਟਿਊਂ ਕਰਦਾ।
ਝੱਟ ਮੰਮੀ ਦੀ ਗੋਦੀ ਵੜਦਾ।

ਭੋਲੀ ਭਾਲੀ ਇਹਦੀ ਸੂਰਤ।
ਅੱਖਾਂ ਦੇ ਵਿੱਚ ਰਹਿੰਦੀ ਮੂਰਤ।

ਜਦੋਂ ਭਲੂਰ ਮੈਂ ਆਵਾਂ ਜਾਵਾਂ।
'ਜੀਤ' ਅਮਨ, ਦੇ ਦਰਸ਼ਨ ਪਾਵਾਂ।

➢➢➢

## ਮਾਡਲ ਸਕੂਲ ਬਨਾਮ ਦੁਕਾਨਦਾਰੀ

ਕੱਚੀ ਪੱਕੀ ਬੀ. ਏ. ਕਰਕੇ
ਦੋ ਤਿੰਨ ਮੇਜ਼ ਕੁਰਸੀਆਂ ਧਰਕੇ,
ਵੱਡਾ ਨਾਂ ਦਾ ਬੋਰਡ ਜੜ੍ਹਕੇ,
ਕਹਿੰਦੇ ਖੁੱਲ ਸਕੂਲ ਗਿਆ।
ਗਲੀ ਮੁਹੱਲੇ ਵਿੱਦਿਆ ਦਾ ਤਾਂ ਨਿਕਲ ਜਲੂਸ ਗਿਆ।

ਬੱਚਿਆਂ ਨੂੰ ਅੰਗਰੇਜ਼ ਬਣਾਉਂਦੇ,
ਮਾਤ-ਭਾਸ਼ਾ ਨਾ ਮੂਲ ਪੜ੍ਹਾਉਂਦੇ,
ਸੋਨੇ ਵਿੱਚ ਇਹ ਖੋਟ ਮਿਲਾਉਂਦੇ,
ਮਾਰਨ ਸਭਿਆਚਾਰ ਨੂੰ।
ਬੱਚੇ ਨਾ ਹੰਸਾਂ ਸੰਗ ਰਲਦੇ ਨਾ ਕਾਗਾਂ ਦੀ ਡਾਰ ਨੂੰ।

ਟਾਈਆਂ ਬੂਟ ਤੇ ਪੈਂਟ ਸਜਾ ਕੇ
ਮਾਪਿਆਂ ਆਸਾਂ ਖੂਬ ਲਗਾ ਕੇ,
ਧੱਕ-ਧੱਕ ਬੱਸਾਂ ਵਿੱਚ ਚੜ੍ਹਾਤੇ,
ਬੱਚੇ ਮਾਰਨ ਚਾਂਗਰਾਂ ਜੀ।
ਮੁਰਗੀਖਾਨੇ ਵਿੱਚ ਤਾੜ 'ਤੇ ਚੂਚੇ ਵਾਂਗਰਾਂ ਜੀ।

ਏਦੂ ਵੱਡਾ ਬਿਜਨਸ ਕਿਹੜਾ?
ਮਿਲਦਾ ਲੱਪ ਗੜੱਪੀਂ ਮੇਵਾ,
ਨਾਲੇ ਖੂਬ ਕਰਾਉਂਦੇ ਸੇਵਾ,
ਪਾਤੀ ਲੁੱਟ ਦੁਕਾਨਾਂ ਨੇ।
ਪੈਂਤੀ ਸੌ ਵਿੱਚ ਦਾਖਲ ਕੀਤਾ ਜੁਆਕ ਸ਼ੈਤਾਨਾਂ ਨੇ।

ਇੱਕ ਥੋਨੂੰ ਫਿਲਮ ਦਿਖਾਉਣੀ,
ਚੰਡੀਗੜ੍ਹ ਦੀ ਸੈਰ ਕਰਾਉਣੀ,
ਆਪਾਂ ਹੈ ਫ਼ਕਸ਼ਨ ਕਰਵਾਉਣੀ,
ਲੱਗਣਾ ਕੁੱਲ ਹਜ਼ਾਰ ਜੀ।
ਏਨੇ ਵਿੱਚ ਹੀ ਔਖੇ ਸੌਖੇ ਲਵਾਂਗੇ ਸਾਰ ਜੀ।

ਹੋਰ ਹਿੱਸਾ ਬੁੱਕ ਡਿਪੂ ਤੋਂ ਪਾਉਂਦੇ,
ਨਿੱਤ ਨਵਾਂ ਬਹਾਨਾ ਲਾਉਂਦੇ,
ਹਰੇਕ ਮਹੀਨੇ ਫੀਸ ਵਧਾਉਂਦੇ,
ਇੱਕ ਪਾਉਣੀ ਬੱਸਾਂ ਦੀ ਜੋੜੀ ਜੀ।
ਹੁਣ ਚੌਥੀ ਮੰਜ਼ਿਲ ਬਣਾਉਣੀ ਬਿਲਡਿੰਗ ਰਹਿ ਗਈ ਥੋੜ੍ਹੀ ਜੀ।

ਅੱਠਵੀਂ ਫੇਲ੍ਹ ਨੂੰ ਦਸ ਕਰਾਈਏ,
ਬੁੱਧੂ ਖੋਤੇ ਅਸੀਂ ਪੜ੍ਹਾਈਏ,
ਨਾਲ ਗਰੰਟੀ ਪਾਸ ਕਰਾਈਏ,
ਸੁਪਰਡੈਂਟ ਵੀ ਘਰ ਦਾ ਲਾਵਾਂਗੇ।
ਸ਼ਾਮ ਨੂੰ ਹੋਟਲ ਉੱਤੇ ਰਲ ਕੇ ਬੂੰਦੀਆਂ ਉਡਾਵਾਂਗੇ।

ਪੰਜ ਛੇ ਕੁੜੀਆਂ ਟੀਚਰ ਲਾਉਂਦੇ,
ਦੁੱਧ ਦੇ ਉਤੋਂ ਮਲ਼ਾਈਆਂ ਲਾਹੁੰਦੇ,
ਦੇ ਕੇ ਪੰਜ-ਪੰਜ ਸੌ ਵਰਾਉਂਦੇ,
ਡਿਗਰੀ ਮਾਤਾਂ ਖਾ ਜਾਂਦੀ।
ਅਗਲੇ ਸਾਲ ਨੂੰ ਕੋਠੀ, ਕਾਰ ਮਾਰੂਤੀ ਆ ਜਾਂਦੀ।

ਹੋ 'ਜੀਤ ਭਲੂਰ' 'ਚ ਕੀ ਪਛਤਾਵਾ,
ਹੋ ਜੂ ਸਾਲ 'ਚ ਸ਼ਾਵਾ-ਸ਼ਾਵਾ,
ਮੂੰਹੋਂ ਮੰਗਿਆ ਮਿਲੇ ਚੜ੍ਹਾਵਾ,
ਬਹਿ ਜਾ ਫੱਟਾ ਲਾ ਕੇ ਤੂੰ।
ਕਮਲਿਆ ਗਾਹਕੀ ਪਊ ਬਥੇਰੀ ਵੇਖ ਦੁਕਾਨ ਲਗਾਕੇ ਤੂੰ।

➢➢➢

## ਮੇਰਾ ਦੇਸ਼ ਮਹਾਨ

ਮੇਰਾ ਦੇਸ਼ ਮਹਾਨ ਬੇਲੀਓ,
ਮੇਰਾ ਦੇਸ਼ ਮਹਾਨ।
ਤਾਈਓਂ ਤਾਂ ਅੱਜ ਇਸ ਦੀਆਂ ਸਿਫ਼ਤਾਂ ਸਾਰਾ ਕਰੇ ਜਹਾਨ।

ਸਮਤਾ ਤੇ ਨਿਰਪੱਖਤਾ ਇਹਦੇ ਸਭ ਤੋਂ ਉੱਚੇ ਟੀਚੇ।
ਮੰਦਰ ਦੇ ਲਈ ਮਸਜਿਦ ਤਾਈਓਂ ਢਾਹ ਕੇ ਪੱਧਰੇ ਕੀਤੇ।
ਫੌਜਾਂ ਹੱਥੋਂ ਰੋਲ਼ੀ ਜਾਂਦੀ ਗੁਰੂ ਨਾਨਕ ਦੀ ਸ਼ਾਨ
ਮੇਰਾ ਦੇਸ਼ .......................

ਲੀਡਰ ਇਸ ਨੂੰ ਵੇਚ ਕੇ ਖਾ ਗਏ, ਪੁਲਿਸ ਮਾਰਦੀ ਡਾਕੇ।
ਤਕੜੇ ਦੀ ਇਥੇ ਡਾਂਗ ਹੈ ਚਲਦੀ, ਮਾੜਾ ਕਟਦਾ ਫਾਕੇ।
ਚੋਰ ਉਚੱਕਾ ਚੌਧਰੀ ਇਥੇ ਗੁੰਡੀ ਰੰਨ ਪ੍ਰਧਾਨ।
ਮੇਰਾ ਦੇਸ਼ ਮਹਾਨ .....................

ਅੱਧੀ ਜਨਤਾ ਅਨਪੜ੍ਹ ਹੋਵੇ ਬੱਚੇ ਕਰਨ ਮਜੂਰੀ।
ਕੁੱਲ੍ਹੀਆਂ ਤੋਂ ਹੈ ਵਧਦੀ ਜਾਂਦੀ ਨਿੱਤ ਮਹਿਲਾਂ ਦੀ ਦੂਰੀ।
ਰਿਸ਼ਵਤ ਖੋਰੀ, ਚੋਰੀ, ਯਾਰੀ ਹੈ ਇਸ ਦੇ ਮਹਿਮਾਨ।
ਮੇਰਾ ਦੇਸ਼ ਮਹਾਨ .......................

ਗਲ ਵਿੱਚ ਲੀਰਾਂ ਹਾਲ ਫਕੀਰਾਂ ਕਿਸਮਤ ਇਹਦੀ ਹਾਰੀ।
ਖੋਟੇ ਪੈਸੇ ਵਾਂਗੂੰ ਮੁੜਦੇ ਖਾਲੀ ਹੱਥ ਖਿਡਾਰੀ।
ਰਾਜੇ ਅਤੇ ਵਜੀਰਾਂ ਰਲਕੇ ਕੱਢ ਲਈ ਇਹਦੀ ਜਾਨ।
ਮੇਰਾ ਦੇਸ਼ .....................

ਇਸ ਧਰਤੀ ’ਤੇ ਪੀਰ ਪੈਗੰਬਰ ਮਹਾਂ ਔਲੀਏ ਹੋਏ।
ਦਿੱਲੀ ਦੇ ਦੰਗਿਆਂ ਨੂੰ ਤੱਕ ਕੇ ਰਾਮ ਕ੍ਰਿਸ਼ਨ ਵੀ ਰੋਏ।
ਵੰਡੀਆਂ ਪਾ ਕੇ ਲੋਕਾਂ ਅੰਦਰ ਕੁਰਸੀ ਮੱਲੇ ਸ਼ੈਤਾਨ।
ਮੇਰਾ ਦੇਸ਼ ....................

ਵੋਟਾਂ ਦੇ ਵਿੱਚ ਗੁੰਡਾਗਰਦੀ ਸ਼ਰੇਆਮ ਹੈ ਚਲਦੀ।
ਕੱਸ ਲੰਗੋਟੇ ਮੱਲ ਬਹੁੜਦੇ ਅਖਾੜ੍ਹਾ ਸੰਸਦ ਬਣਦੀ।
ਛਿੱਤਰੋ-ਛਿੱਤਰੀ ਹੁੰਦੇ ਵੇਖੋ ਦੇਸ਼ ਦੇ ਮੁੱਖ ਮਹਿਮਾਨ।
ਮੇਰਾ ਦੇਸ਼ .........................

ਸੋਨ ਚਿੜੀ ਕੀਤੀ ਅੱਧ ਮੋਈ ਐਸਾ ਜਾਲ ਵਿਛਾਇਆ।
'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'
'ਬਲਜੀਤ ਭਲੂਰ' 'ਚ ਸੌਂ ਕੇ ਕਾਹਤੋਂ ਬਣਿਆਂ ਫਿਰੇਂ ਨਦਾਨ।
ਮੇਰਾ ਦੇਸ਼ .........................

➢➢➢

## ਛੋਟੀ ਉਮਰੇ ਰੋਂਦੇ ਛੱਡ ਗਈ ਮਾਂ ਦੇ ਨਾਂ

ਕਾਹਨੂੰ : ਵਿੱਚ ਸਾਡੇ ਬਚਪਨ ਦੇ,
ਰੱਬਾ ਖੋਹ ਕੇ ਲੈ ਗਿਆ ਮਾਂ ਨੂੰ।

ਹਾਵੇ : ਤੇਰੇ ਬਿਨਾਂ ਦੱਸ ਅੰਮੀਏ,
ਸਾਨੂੰ ਉੱਡਣਾ ਨੀ ਕੌਣ ਸਿਖਾਵੇ।

ਕੜ੍ਹਕੇ : ਤੇਰੇ ਨੀ ਮਾਸੂਮ ਬੋਟ ਨੂੰ,
ਕਾਂ ਠੁੰਗਦੇ ਆਲ੍ਹਣੇ ਵੜਕੇ।

ਜਾਵਾਂ : ਰੋਟੀ ਖੋਹ ਕੇ ਕਾਂ ਲੈ ਗਏ,
ਜਣੇ-ਖਣੇ ਤੋਂ ਯਤੀਮ ਕਹਾਵਾਂ।

ਬੋਟੀ : ਖਾਣ ਨੂੰ ਹੈ ਦਿਲ ਕਰਦਾ,
ਮਿੱਠੀ ਤੇਰਿਆਂ ਹੱਥਾਂ ਦੀ ਰੋਟੀ।

ਹਾਵੇ : ਉਂਗਲੀ ਫੜ੍ਹਾ ਦੇ ਅੰਮੀਏਂ,
ਨੀਂ ਤੇਰਾ ਲਾਡਲਾ ਖੜਾ ਕੁਰਲਾਵੇ।

ਪਾਉਂਦੀ : ਵਾਹਕੇ ਸਾਡੇ ਕੇਸ ਅੰਮੀਏ,
ਕਾਲੇ ਟਿੱਕੇ ਸੀ ਕਾਸਤੋਂ ਲਾਉਂਦੀ।

ਨਜ਼ਰਾਂ : ਸਾਡਾ ਤੂੰ ਬਚਾਅ ਕੀਤਾ,
ਤੈਨੂੰ ਖਾ ਗਈਆਂ ਕਿਸ ਦੀਆਂ ਨਜ਼ਰਾਂ।

ਖੁਸ਼ੀਆਂ : ਮਾਏ ਤੇਰੇ ਦਿਲ ਰਹਿ ਗਈਆਂ,
ਸਾਡੇ ਜਨਮ ਵਿਆਹਾਂ ਦੀਆਂ ਖੁਸ਼ੀਆਂ।

ਬੀੜ੍ਹੇ : ਸਾਰੇ ਸੁੱਖ ਤੇਰੇ ਨਾਲ ਸੀ,
ਹੁਣ ਹੋ ਗਏ ਨਰਕ ਦੇ ਕੀੜ੍ਹੇ।

ਵਰਸੇ : ਹੋ ਸੁਪਨੇ 'ਚ ਆ ਕੇ ਮਿਲਜ੍ਹਾ,
ਅਸੀਂ ਮਾਂ ਨੀ ਕਹਿਣ ਨੂੰ ਤਰਸੇ।

ਸਿਰਜੇ : ਜੇ ਇੱਕ ਵਾਰੀ ਆ ਕੇ ਚੁੰਮ ਲਏਂ,
ਤੇਰਾ ਫੁੱਲ ਮੁਰਝਾਇਆ ਖਿੜਜੇ।

ਲੋਕਾ ਵੇ : ਜ਼ਿੰਦ ਵੱਟੇ ਮਾਂ ਦਾ ਪਿਆਰ ਸਸਤਾ,
ਸਾਡਾ ਦੁਨੀਆਂ 'ਤੇ ਹੋਕਾ ਵੇ।

ਰਹਿੰਦੀ : ਮਾਏ ਤੇਰੀ ਮਾਂਗ ਸੱਜਰੀ,
ਨੀ ਤੇਰੇ ਹੱਥਾਂ ਦੀ ਕੁਆਰੀ ਅਜੇ ਮਹਿੰਦੀ।

ਜੰਮੀਏ : ਸਾਨੂੰ ਕਦੇ ਠੰਢ ਨਾ ਲੱਗੀ
ਨੀ ਤੇਰੀ ਐਨੀ ਨਿੱਘੀ ਗੋਦੀ ਅੰਮੀਏ।

ਛਾਵਾਂ : ਸਿਰ ਤੋਂ ਦੀ ਪਾਣੀ ਲੰਘ ਜਾਏ,
ਜਦੋਂ ਸਿਰ ਨੀ ਪਲੋਸਦੀਆਂ ਮਾਂਵਾਂ।

ਲਾਈ ਨੀ : ਵਾਗੀ ਕੋਲੋਂ ਫੜ ਸੋਟੀ,
ਤੂੰ ਹੱਥੀ ਕਲਮ ਫੜਾਈ ਨੀ।

ਜਾਂਦੀ ਏ : ਤਾਈਓਂ ਦਿਨ-ਰਾਤ ਅੰਮੀਏ,
ਮੇਰੀ ਕਲਮ ਕੁਰਲਾਂਦੀ ਏ।

ਮਾਂਵਾਂ : ਉਹਨਾਂ ਦਾ ਕੀ ਜੀਣ ਜੱਗ 'ਤੇ,
ਜੀਹਦੇ ਸਿਰ ਨਾ ਮਾਵਾਂ ਦੀਆਂ ਛਾਂਵਾਂ।

ਜਾਂਵੀਂ : ਰੱਬਾ 'ਜੀਤ' ਅਰਦਾਸ ਕਰਦਾ,
ਮੇਰੇ ਜਿਹਾ ਨਾ ਕੋਈ ਹੋਰ ਬਣਾਵੀਂ।

➢➢➢

## ਤਰਲਾ

ਤੇਰੀ ਧੀ ਬਾਬਲਾ ਵੇ ਅੱਜ ਤੋਂ ਕੱਖੋਂ ਹੌਲੀ ਹੋਈ।
ਮੈਨੂੰ ਦੇ ਆਸਰਾ ਵੇ, ਤੇਰੇ ਬੂਹੇ ਆਣ ਖਲੋਈ।

ਮੈਂ ਮਰਦੀ ਮਰ ਜਾਊਂਗੀ, ਪਰ ਨਾ ਲਾਲਚੀਆਂ ਦੇ ਜਾਣਾ।
ਮੈਨੂੰ ਅੰਮ੍ਰਿਤ ਵਰਗਾ ਹੈ, ਵੇ ਤੇਰਾ ਰੁੱਖਾ ਮਿੱਸਾ ਖਾਣਾ।
ਕਿਸੇ ਇੱਕ ਨ ਮੰਨੀ ਵੇ, ਦੇਖ ਲਈ ਕਰਕੇ ਮੈਂ ਅਰਜੋਈ।
ਮੈਨੂੰ ............................

ਮੇਰੇ ਚਾਵਾਂ ਸੱਧਰਾਂ ਦੀ ਜਿੱਥੇ ਟਕਾ ਕਦਰ ਨਾ ਪੈਂਦੀ।
ਲਾ ਛੁਰੀਆਂ ਦਾਜ ਦੀਆਂ ਖੋਰਤੀ ਹੱਥਾਂ ਉੱਤੋਂ ਮਹਿੰਦੀ।
ਖਾ ਮਾਰ ਸਹੁਰਿਆਂ ਦੀ ਮੈਂ ਤੇ ਹੋ ਗਈ ਹਾਂ ਅਧਮੋਈ।
ਮੈਨੂੰ ..........................

ਕੋਈ ਅੱਜ ਹਟਾਓ ਵੇ ਬਾਬਲ ਕੰਧੀਂ ਟੱਕਰਾਂ ਮਾਰੇ।
ਢੇਰੀ ਢਾਈ ਵੀਰਿਆਂ ਨੇ ਬੈਠੇ ਡੁਸਕਣ ਥਾਂ-ਥਾਂ ਸਾਰੇ।
ਮੈਂ ਹਾਰ ਕੇ ਤੱਕ ਲਈ ਹੈ ਬਾਬਲਾ ਤੇਰੇ ਘਰ ਦੀ ਢੋਈ।
ਮੈਨੂੰ .........................

ਚਾਵਾਂ ਨਾਲ ਵਿਆਹੀ ਸੀ ਲੈ ਕੇ ਦਿਲ ਵਿੱਚ ਕਈ ਉਮੰਗਾਂ।
ਦਿਨ ਰਾਤ ਘਸੀਟਿਆ ਨੀ, ਪੁੱਟ ਤੇ ਵਾਲ, ਤੋੜਤੀਆਂ ਵੰਗਾਂ।
ਕਰ ਯਾਦ ਵੀਰਿਆਂ ਨੂੰ ਮੈਂ ਓਹਲ੍ਹੇ ਬਹਿ-ਬਹਿ ਰੋਈ।
ਮੈਨੂੰ .........................

ਮੈਂ ਹੁਣ ਵੀ ਜਿਉਂਦੀ ਹਾਂ ਕਿ ਮੈਨੂੰ ਤੇਰਾ ਪਿਆਰ ਸਤਾਵੇ।
ਤੇਰੀ ਪਿਆਰੀ ਗੋਦੀ ਦਾ ਨੀ ਸਾਨੂੰ ਨਿੱਘ ਹਾਲੇ ਵੀ ਆਵੇ।
ਇੱਕ ਦੁਖੀਆ ਧੀ ਕੋਲ਼ੇ ਹੁੰਦੇ ਮਾਪੇ ਹੀ ਦਿਲ ਜੋਈ।
ਮੈਨੂੰ .........................

ਰੋਣਾ ਛੱਡ ਕੇ ਮੰਨ ਲਉ ਵੇ ਵੀਰਿਓ ਜਾਂ ਕਰਨਾ ਜਾਂ ਮਰਨਾ।
ਤੁਰਿਆ ਪਿੰਡ 'ਭਲੂਰ' ਤੋਂ ਹੈ ਜੱਥਾ ਉਸਦੇ ਵਿੱਚ ਜਾ ਰਲਨਾ।
ਇਨਕਲਾਬੀ ਨਾਅਰਾ ਹੈ ਇਸਦੀ ਸੋਚ ਹੈ ਨਵੀਂ ਨਰੋਈ।
ਮੈਨੂੰ ..........................

➢➢➢

## ਨਵੇਂ ਸਾਲ ਦੇ ਸੂਰਜ ਨੂੰ

ਸਾਡੇ ਕੁੱਲੀਆਂ 'ਚ ਅਲ੍ਹਖ ਜਗਾਈਂ ਵੇ, ਨਵੇਂ ਸਾਲ ਦੇ ਸੂਰਜਾ।
ਹਨ੍ਹੇਰਿਆਂ 'ਚ ਚਾਨਣ ਲਿਆਈਂ ਵੇ, ਨਵੇਂ ਸਾਲ ਦੇ ਸੂਰਜਾ।

ਸਾਡੇ ਘਰੀਂ ਸਦੀਆਂ ਤੋਂ ਰਿਹਾ ਹੈ ਹਨ੍ਹੇਰ ਵੇ।
ਚਿੰਬੜੇ ਨੇ ਸਦਾ ਸਾਨੂੰ ਬਿਪਤਾ ਦੇ ਢੇਰ ਵੇ।
ਆ ਦਰਦ ਵਿਖਾਈਏ,
ਜਿਲਣਾਂ 'ਚ ਫੇਰਾ ਪਾਈਂ ਵੇ।
ਨਵੇਂ ਸਾਲ ...................

ਦੁਨੀਆਂ ਦੇ ਰੋਗ ਇਹਨਾਂ ਕੁੱਲੀਆਂ 'ਚ ਵਸਦੇ।
ਦੇਖ ਲੈ ਤੂੰ ਬੱਚੇ ਸਾਡੇ ਕਦੇ ਵੀ ਨ ਹੱਸਦੇ
ਤੂੰ ਇਨ੍ਹਾਂ ਦੇ ਰੋਗ ਦੀ
ਅਸਮਾਨ ਤੋਂ ਸੰਜੀਵਨੀ ਲਿਆਈਂ ਵੇ।
ਨਵੇਂ ਸਾਲ ...................

ਉੱਚਿਆਂ ਘਰਾਂ ਦੇ ਵਿੱਚ ਮਘਦਾ ਤੂੰ ਨਿੱਤ ਵੇ।
ਮਹਿਲਾਂ ਦਿਆਂ ਪੈਰਾਂ ਥੱਲੇ, ਅਸੀਂ ਹੁੰਦੇ ਜਿੱਚ ਵੇ।
ਕੋਈ ਕੰਮੀਆਂ ਲਈ ਵੀ,
ਚਾਨਣ ਦੀ ਕਿਰਨ ਬਚਾਈਂ ਵੇ।
ਨਵੇਂ ਸਾਲ ...............

ਕੱਲ੍ਹ ਸਾਡੇ ਵਿਹੜੇ ਜਣੀ ਆ ਗਿਆ ਭੂਚਾਲ ਸੀ।
ਸਹੁਰਿਆਂ ਤੋਂ ਕੁੜੀ ਆਈ, ਮਰਿਆਂ ਦੇ ਹਾਲ ਸੀ।
ਠੁੱਡੇ ਪੁਲਿਸ ਤੇ ਲੰਬੜਾਂ ਦੇ,
ਵੇਖੀਂ ਕਿਤੇ ਫੇਰ ਨਾ ਪਵਾਈਂ ਵੇ।
ਨਵੇਂ ਸਾਲ ................

ਹੁਣ ਵੀ ਜੇ ਸਾਡਾ ਹਿੱਸਾ ਉੱਚਿਆ ਦੇ ਜਾਵੇਗਾ।
ਸਾਡੀ ਹਾਅ ਦਾ ਤੈਨੂੰ ਵੀ ਗ੍ਰਹਿਣ ਲੱਗ ਜਾਵੇਗਾ।
ਫੇਰ ਤੈਨੂੰ ਵੀ 'ਭਲੂਰ' ਵਿੱਚ
'ਜੀਤ' ਦੇਵਤਾ ਨਾ ਆਖ ਬੁਲਾਈਂ ਵੇ।
ਨਵੇਂ ਸਾਲ ...............

## ਦਾਜ

ਇੱਕ, ਦੋ, ਤਿੰਨ, ਚਾਰ ਕਰਗੀ ਮੈਂ ਪੰਜ,
ਹੁਣ ਛੇਵੀਂ ਜਮਾਤ ਵਿੱਚ ਲਾਈਂ ਵੇ।
ਮੈਨੂੰ ਤੇਰੇ ਦਾਜ ਦੀ, ਲੋੜ ਨਾ ਬਾਬਲਾ ਰਾਈ ਵੇ।

ਜਿਨ੍ਹਾਂ ਚਿਰ ਬਾਪੂ ਸਾਡੇ ਅੰਦਰ ਹਨ੍ਹੇਰ ਹੈ।
ਕਿਵੇਂ ਪਤਾ ਲੱਗੂ ਸਾਨੂੰ ਚੜ੍ਹਿਆ ਸਵੇਰ ਹੈ।
ਸਾਡੇ ਰਸਤੇ ਹਨ੍ਹੇਰ ਵਿੱਚ, ਚਾਨਣ ਦੀ ਛਿੱਟ ਇੱਕ ਪਾਈਂ ਵੇ।
ਮੈਨੂੰ ਤੇਰੇ ....................

ਪਲਘਾਂ ਤੇ ਸੋਫਿਆਂ ਦੇ ਹੋਈ ਨਾ ਮੈਂ ਹਾਣਦੀ।
ਚੰਗਾ ਅਤੇ ਬੁਰਾ ਬਾਪੂ ਮੈਂ ਨਾ ਪਛਾਣਦੀ।
ਮੇਰੇ ਧਰਮੀ ਬਾਬਲਾ, ਵਿੱਦਿਆ ਦਾ ਦਾਜ ਬਣਾਈਂ ਵੇ
ਮੈਨੂੰ ਤੇਰੇ .....................

ਦਾਜ ਵਾਲਾ ਜਿੰਨ ਜਦ ਖਾਵੇ ਮੁਟਿਆਰ ਨੂੰ।
ਪੁੱਛਿਆ ਹੀ ਜਾਣੇ ਇੱਕ ਬਾਪ ਦੇ ਪਿਆਰ ਨੂੰ।
ਤੈਨੂੰ ਅੱਜ ਹੀ ਵਰਜਦੀ, ਨਾ ਇਹੋ ਜਿਹਾ ਪਾਪ ਕਮਾਈਂ ਵੇ।
ਮੈਨੂੰ ਤੇਰੇ ....................

ਪੜ੍ਹ ਕੇ ਮੈਂ ਆਪਣਿਆਂ ਪੈਰਾਂ ’ਤੇ ਖਲੋਵਾਂਗੀ।
ਤੇਰੇ ਸਿਰ ਵਾਲਾ ਬਾਪੂ, ਬੋਝ ਮੈਂ ਪਲੋਵਾਂਗੀ।
ਹੱਟ ਪੜ੍ਹਨ-ਲਿਖਣ ਦੀ, ‘ਜੀਤ’ ਨੇ ਭਲੂਰ ਵਿੱਚ ਲਾਈ ਵੇ।
ਮੈਨੂੰ ਤੇਰੇ ....................

➢➢➢

## ਗੱਲ ਸੁਣ ਮੇਰੀ

ਗੱਲ ਸੁਣ ਮੇਰੀ ਨੀ ਬੱਲੀਏ।
ਆ ਮੁੜ ਵਤਨਾਂ ਨੂੰ ਚੱਲੀਏ।

ਸੋਹਣਾ ਲੱਗਦਾ ਦੇਸ਼ ਬਗਾਨਾ।
ਚੰਗਾ ਨਹੀਓ ਇਹ ਬਹਾਨਾ।
ਇੱਕ ਦਿਨ ਮਿਲੂਗਾ ਸਾਨੂੰ ਤਾਹਨਾ।
ਤੁਸੀਂ ਬਦੇਸ਼ੀ ਨੀ ਝੱਲੀਏ।
ਗੱਲ ਸੁਣ ................

ਤੈਨੂੰ ਡੀਕਣ ਅੰਬੀਆਂ ਬਾਹਾਂ।
ਸਾਡੀ ਭੈਣ ਵੇਖਦੀ ਰਾਹਾਂ।
ਕਿੰਜ ਰੋਕੇਗੀ ਉਹ ਧਾਹਾਂ।
ਜੇ ਡੋਲੀ ਬਿਨ ਵੀਰਾਂ ਦੇ ਘੱਲੀਏ।
ਗੱਲ ਸੁਣ ................

ਜਿੱਥੇ ਬੰਦਾ ਵਾਂਗ ਮਸ਼ੀਨਾਂ,
ਨਾ ਕੋਈ ਪੁੱਤਰ ਨਾ ਕੋਈ ਧੀਆਂ।
ਦੱਸ ਏਥੇ ਮੈਂ ਕਿੰਜ ਜੀਆਂ।
ਆ ਆਪਣਿਆਂ ਨਾਲ ਜਾ ਰਲ਼ੀਏ।
ਗੱਲ ਸੁਣ .................

ਸਾਡੇ ਪਿੰਡ ਵਿੱਚ ਵਸਦਾ ਰੱਬ ਨੀਂ।
ਹੋਵੇ ਕਿਸਮਤ ਪੈਂਦਾ ਲੱਭ ਨੀਂ।
ਕਹਿੰਦਾ ਸੱਚੋ ਸੱਚ ਹੈ ਜੱਗ ਨੀਂ।
ਧੱਕੇ ਨੇ ਪ੍ਰਦੇਸਾਂ ਦੇ ਬੱਲੀਏ।
ਗੱਲ ਸੁਣ ...............

ਰੋ-ਰੋ ਮਾਤਾ ਅੰਨ੍ਹੀ ਹੋਈ।
ਕਦ ਮੁੜੇ ਅੱਖਾਂ ਦੀ ਲੋਈ।
ਕਰਦਾ 'ਜੀਤ' ਤੈਨੂੰ ਅਰਜੋਈ।
ਰਾਹ 'ਭਲੂਰ' ਦਾ ਆ ਮੱਲੀਏ।
ਗੱਲ ਸੁਣ ...............

➢➢➢

## ਸੰਘਰਸ਼

ਹੱਕ, ਇੱਜ਼ਤ ਤੇ ਅਣਖ ਲਈ ਲੜ ਮਰਨਾ,
ਜ਼ਿੰਦ ਇਨ੍ਹਾ ਤੋਂ ਕੀਮਤੀ ਜਾਣੀਏ ਨਾ।
ਜਿਥੋਂ ਬਾਪੂ ਦੀ ਪੱਗ ਨੂੰ ਹੱਥ ਪੈਂਦਾ,
ਸੁੱਖ ਓਸ ਥਾਂ ਕਦੇ ਵੀ ਮਾਣੀਏ ਨਾ।

ਹਾਰ ਖਾਕੇ ਹਾਰ ਮੰਨਣਾ ਨਾ,
ਸਿਦਕ ਦਿਲੀ ਹੈ ਯਾਰੋ ਸੂਰਮੇ ਦੀ।
ਭਾਵੇਂ ਜ਼ੁਲਮ ਹੋਵੇ ਜਾਂ ਖ਼ੂਨ ਡੁੱਲੇ,
ਹੋਣ ਹੱਡੀਆਂ ਵੀ ਭਾਵੇਂ ਚੂਰਮੇ ਜੀ।

ਮੈਨੂੰ ਜਿੱਤ ਦੀ ਹਾਲੇ ਨਾ ਆਸ ਕੋਈ,
ਪਰ ਲੜਾਂਗਾ ਆਖਰੀ ਦਮ ਤਾਈਂ।
ਏਸ ਅੱਗ ਵਿੱਚ ਸੜ ਕੇ ਸੁਆਹ ਹੋਜਾਂ,
ਮੈਨੂੰ ਏਸ ਦੀ ਰਤਾ ਪਰਵਾਹ ਨਾਹੀਂ।

ਢਾਹ ਸਕੇ ਨਾ ਤੇਰੀ ਬੰਦੂਕ ਕੋਈ,
ਸਾਡੇ ਪਹਾੜਾਂ ਜਿਹੇ ਇਰਾਦਿਆਂ ਨੂੰ।
ਜਦੋਂ ਆਖਰੀ ਗੋਲੀ ਚੱਲ ਜਾਣੀ,
ਅਕਲ ਆਏਗੀ ਤੇਰੇ ਸ਼ਹਿਜ਼ਾਦਿਆਂ ਨੂੰ।

ਜਦ ਇੱਜ਼ਤ ਨੂੰ ਕੋਈ ਲਲਕਾਰਦਾ ਹੈ,
ਸੂਰੇ ਵਿੱਚ ਮੈਦਾਨ ਦੇ ਜ਼ੁੱਟ ਪੈਂਦੇ।
ਜਦੋਂ ਅਮਨ ਦੇ ਰਸਤੇ ਬੰਦ ਹੋਵਣ,
ਹੱਕਾਂ ਲਈ ਹਥਿਆਰ ਨੇ ਉੱਠ ਪੈਂਦੇ।

ਦੋ ਪੈਰ ਘੱਟ ਤਾਂ ਭਾਵੇਂ ਤੁਰ ਲਈਏ,
ਐਪਰ ਤੁਰਾਂਗੇ ਮੜਕ ਦੀ ਚਾਲ ਸੋਹਣੇ।
ਹੱਕ ਸੱਚ ਤੇ ਅਣਖ ਦੇ ਰਾਹ ਉੱਤੇ,
'ਬਲਜੀਤ', ਕਰੇਗਾ 'ਨਿਆਂ' ਦੀ ਭਾਲ ਸੋਹਣੇ।

➢➢➢

## ਸਿਲ੍ਹਾਬੇ ਵਿਹੜੇ

ਇਕਨਾਂ ਦੇ ਘਰਾਂ ਵਿੱਚ ਲਾਲੀ ਰੋਜ਼ ਟਹਿਕਦੀ ਏ,
ਉੱਚੀ ਉੱਚੀ ਸੁਣਦੀਆਂ ਹਾਸੀਆਂ।
ਇਕਨਾਂ ਦੇ ਬੂਹੇ ਅੱਗੋਂ ਸੂਰਜ ਵੀ ਮੁੜ ਜਾਂਦਾ,
ਛਾਈਆਂ ਰਹਿਣ ਸਦਾ ਹੀ ਉਦਾਸੀਆਂ।
ਇੱਕ ਫੇਰਾ ਪਾਵੇਂ ਜੇ ਤੂੰ ਸੂਰਜਾ ਵੇ ਵਿਹੜਿਆਂ 'ਚ,
ਚੱਲ ਕੇ ਵਿਖਾਈਏ ਤੈਨੂੰ ਹਾਲ ਵੇ।
ਵੇਖੇਂਗਾ ਤੂੰ ਹਾਲ ਜਦੋਂ ਆਪਣਿਆਂ ਬੱਚਿਆਂ ਦਾ,
ਤੇਰੇ ਹੰਝੂਆਂ ਦੇ ਵਗ ਪੈਣੇ ਖਾਲ਼ ਵੇ।
ਕੰਨੀ ਕਤਰਾ ਕੇ ਤੇਰੀ ਰੋਸ਼ਨੀ ਵੀ ਲੰਘ ਜਾਏ,
ਏਥੋਂ ਮੁੜ ਜਾਣ ਪੌਣਾਂ ਵੀ ਨਿਰਾਸ਼ੀਆਂ।
ਇਕਨਾਂ ਦੇ ............................

ਇਕਨਾਂ ਦੇ ਕੁੱਤਿਆਂ ਨੂੰ ਕਾਰਾਂ ਦੀਆਂ ਸੈਰਾਂ,
ਆਪਣੇ ਲਈ ਆਲ੍ਹੀਸ਼ਾਨ ਕੋਠੀਆਂ।
ਗਲੋਂ ਤੇੜੋ ਨੰਗਾ ਫਿਰੇ ਕਿਰਤੀ ਦਾ ਬੱਚਾ ਕਾਹਤੋਂ,
ਮੰਗਦਾ ਏ ਚੱਪਾ ਚੱਪਾ ਰੋਟੀਆਂ।
ਪੈਰਾਂ ਹੇਠ ਰੋਲ਼ ਦਿੱਤਾ ਮਿਹਨਤੀ ਸਮਾਜ ਮੇਰਾ,
ਹੁਣ ਤੁਰਦਾ ਏ ਆਸਰੇ ਵੈਸਾਖੀਆਂ।
ਇਕਨਾਂ ਦੇ .....................

ਦੁੱਖਾਂ ਅਤੇ ਗਮਾਂ ਦੀ ਸਿਲ੍ਹਾਬੀ ਹੋਈ ਜ਼ਿੰਦਗੀ ਨੂੰ,
ਇਥੇ ਫਿਰਦਾ ਘੜੀਸੀ ਇਨਸਾਨ ਵੇ।
ਹੱਥ ਜੋੜ ਖੜੀਆਂ ਨੇ ਦੋਸ਼ੀਆਂ ਦੇ ਵਾਂਗਰਾਂ,
ਜਿਵੇਂ ਮਰੀ ਹੋਈ ਕੁੱਲੀਆਂ ਦੀ ਆਨ ਵੇ।
ਕਿਸੇ ਖੂੰਜੇ ਵਿੱਚ ਬੈਠ ਕੇ ਸਿਆਲ਼ ਕੱਟ ਲੈਂਦੇ,
ਭਰ ਪੱਲੀਆਂ ਦੇ ਨਾਲ ਬੂਹੇ ਤਾਕੀਆਂ।
ਇਕਨਾਂ ਦੇ ....................

ਕਦੋਂ ਤੇਰੀ ਧੁੱਪ ਸਾਡੇ ਬੂਹੇ ਪੈਰ ਪਾਵੇਗੀ,
ਕਦੋਂ ਸਾਡੇ ਵਿਹੜੇ ਰੁਸ਼ਨਾਉਣਗੇ।
ਜਿੱਲ੍ਹਣਾਂ ਦੀ ਜ਼ਿੰਦਗੀ 'ਚ ਨਿੱਘ ਕਦੋਂ ਆਵੇਗਾ,
ਕਦੋਂ ਸਾਡੇ ਹਾਸੇ ਮੁੜ ਆਉਣਗੇ।
ਮੱਖੀਆਂ ਨ ਉੱਡੀਆਂ ਨਿਮਾਣਿਆਂ ਦੇ ਮੂੰਹ ਤੋਂ ਕਦੇ
ਲੈਂਦਾ ਰਹੇ 'ਜੀਤ' ਵੇ ਉਬਾਸੀਆਂ।
ਇਕਨਾਂ ਦੇ .....................

➢➢➢

## ਤੂੰ-ਤੂੰ, ਮੈਂ-ਮੈਂ

ਪਤਨੀ : ਵੇ ਚਾਅ ਸਾਰੇ ਹੀ ਰਹੇ ਨੇ ਅਧੂਰੇ ਮਾਹੀਆ।
ਬੱਚੇ ਤੁਸੀਂ ਇਉਂ ਜੰਮ ਲਏ,
ਜਿਉਂ ਕੁੱਤੀ ਦੇ ਕਤੂਰੇ ਮਾਹੀਆ।

ਪਤੀ : ਨੀਂ ਐਂਵੇਂ ਕਿਉਂ ਨਜ਼ਰਾਂ ਲਗਾਉਨੀ ਏਂ।
ਦਰਜਣ ਹੋਈ ਨ ਹਾਲੇ,
ਤੂੰ ਤਾਂ ਹੁਣੇ ਘਬਰਾਉਨੀ ਏਂ।

ਪਤਨੀ : ਵੇ ਘਰੇ ਚੂਹੇ ਭੁੱਖੇ ਮਰਦੇ।
ਨੰਗੇ ਨੇ ਜੁਆਕ ਫਿਰਦੇ,
ਠੰਡ ਵਿੱਚ ਠਰੂੰ ਠਰੂੰ ਕਰਦੇ।

ਪਤੀ : ਬੇਬੇ ਵਾਲਾ ਘੱਗਰਾ ਉਧੇੜ ਬੱਲੀਏ।
ਨੀਂ ਬੱਚਿਆਂ ਦਾ ਨੰਗ ਢਕ ਕੇ,
ਬਾਕੀ ਬਚਦੇ ਦੀ ਸੁੱਥਣ ਸਵਾਈਂ ਟੱਲੀਏ।

ਪਤਨੀ : ਹਿਸਾਬ ਲਵਾਂਗੀ ਵਿਚੋਲੀ ਤੋਂ।
ਵੇ ਪੀਪੇ ਸਾਰੇ ਖੜ੍ਹਕ ਪਏ,
ਆਟਾ ਮੁੱਕਿਆ ਭੜੋਲੀ 'ਚੋਂ।

ਪਤੀ : ਲੈ ਆਉਂਦਾ ਬੇਬੇ ਤੋਂ ਉਧਾਰੀ ਥਾਲੀ ਸੀ।
ਉਹ ਔਖੇ ਵੇਲੇ ਕੰਮ ਆਉਂਦੀ ਨੀ,
ਤੂੰ ਅੱਡ ਹੋਣ ਨੂੰ ਕਾਹਲੀ ਸੀ।

ਪਤਨੀ : ਕੰਮ ਕਰ ਕੋਈ ਨਿਕੰਮਿਆਂ ਵੇ।
ਮੇਰੇ ਪੱਲੇ ਕਿੱਥੋਂ ਪੈ ਗਿਆ,
ਪੁੱਠੇ ਦਿਨ ਦਿਆ ਜੰਮਿਆਂ ਵੇ।

ਪਤੀ : ਫਾਲਾਂ ਮੰਜੀਆਂ ਨੂੰ ਲਾਉਂਦੇ ਹਾਂ।
ਨੀਂ ਤੇਰੇ ਕਿਹੜਾ ਬਾਪ ਦਾ ਖਾਂਦੇ,
ਅਸੀਂ ਆਪਣਾ ਕਮਾਉਂਦੇ ਹਾਂ।

ਪਤਨੀ : ਮੈਂ ਟੁੱਟੀ ਮੰਜੀ ਉੱਤੇ ਸੌਂਦੀ ਵੇ।
ਵੱਡਾ ਤੂੰ ਤਖਾਣ ਬਣਦੈਂ,
ਗੁੱਲੀ ਘੜਨੀਂ ਨ ਆਉਂਦੀ ਵੇ।

ਪਤੀ : ਨੀਂ ਸੌਦੇ ਹੁੰਦੇ ਨੇ ਲਕੀਰਾਂ ਦੇ।
ਰੱਬ ਨੇ ਮਿਲਾਈਆਂ ਜੋੜੀਆਂ,
ਜੋੜ ਹੁੰਦੇ ਤਕਦੀਰਾਂ ਦੇ।

ਪਤਨੀ : ਬੜੀ ਧੂਮ ਨ ਵਰਿਆ ਸੀ।
'ਭਲੂਰ' ਦੇ 'ਮਲੰਗ ਜੀਤ' ਤੋਂ,
ਕੋਈ ਛੱਲਾ ਵੀ ਨ ਸਰਿਆ ਸੀ।

ਪਤੀ : ਤੇਰਾ ਸੋਹਣੀਏ ਉਲਾਂਭਾ ਹੁਣ ਲਾਹ ਦੇਣਾ।
ਨੀਂ ਵੇਚ ਕੇ ਖਰਾਸ ਬੱਲੀਏ,
ਹਾਰ ਗਲੇ ਨੂੰ ਬਣਾ ਦੇਣਾ।

ਪਤਨੀ : ਜੇ ਤੈਥੋਂ ਏਹੇ ਈ ਸਰਨਾ ਸੀ।
ਛੜਾ ਰਹਿ ਕੇ ਮੌਜ ਕਰਦਾ,
ਵੇ ਤੈਂ ਵਿਆਹ ਨਹੀਓ ਕਰਨਾ ਸੀ।

ਪਤੀ : ਅਸੀਂ ਕਿਹੜਾ ਜਬਰੀ ਨੰਦ ਪੜ੍ਹਿਆ।
'ਬਲਜੀਤ' ਜਏ ਨਿਮਾਣੇ ਬੰਦੇ ਨੂੰ,
ਤੇਰੇ ਪਿਉ ਨੇ ਪਸੰਦ ਕਰਿਆ।

➢➢➢

## ਏਧਰ ਕਣਕਾਂ ਉਧਰ ਕਣਕਾਂ

ਏਧਰ ਕਣਕਾਂ ਉਧਰ ਕਣਕਾਂ, ਕਣਕਾਂ ਉੱਤੇ ਤ੍ਰੇਲ ਪਈ।
ਨਵੇਂ ਸਾਲ ਦੀ ਲਾਲੀ ਖੇਲ ਪਈ।

ਨਵੀਆਂ ਪੌਣਾਂ ਨਵੇਂ ਹੁਲਾਰੇ, ਨਵੇਂ ਨੇ ਨਾਲ ਲਿਆਏ।
ਝਰਨੇ ਝੁਕ-ਝੁਕ ਕਰਨ ਸਲਾਮਾਂ, ਪੰਛੀਆਂ ਗੀਤ ਨੇ ਗਾਏ।
ਅੰਬਰ ਹੱਸਿਆ ਧਰਤੀ ਨੱਚੀ, ਦੁਨੀਆਂ ਸਾਰੀ ਮੇਲ੍ਹ ਪਈ।
ਨਵੇਂ ਸਾਲ .......................

ਭਲਾ ਹੋਵੇਗਾ ਤੇਰਾ ਜੇਕਰ ਸਾਡੇ ਭਾਗ ਜਗਾਵੇਂ।
ਖੋਏ ਹੋਏ ਅਰਮਾਨ ਜੇ ਸਾਡੇ ਵਾਪਸ ਤੂੰ ਪਰਤਾਵੇਂ।
ਮਰਗੇ ਜਿਸਦੇ ਜਮਦੇ ਚੂਏਂ, ਉਹ ਕੁਰਲਾਉਂਦੀ ਵੇਲ ਪਈ।
ਨਵੇਂ ਸਾਲ ........................

ਇਕਨਾਂ ਦੋ-ਦੋ ਖਾ ਚੋਪੜੀਆਂ, ਤੇ ਕਰੇ ਸਮੇਂ ਨੂੰ ਗੂਠੇ।
ਇਕਨਾਂ ਤੇਰੀ ਉਡੀਕ ਦੇ ਅੰਦਰ ਖਾਧੇ ਟੁੱਕੜੇ ਜੂਠੇ।
ਚੋਰੀ ਯਾਰੀ ਠੱਗੀ ਦੀ ਭਰਕੇ, ਸਮੇਂ ਦੀ ਭਜਦੀ ਰੇਲ ਪਈ।
ਨਵੇਂ ਸਾਲ .......................

ਆ ਵੇ ਸ਼ਾਲਾ ਜਿਉਣ ਜੋਗਿਆ, ਵਿਹੜੇ ਸਾਡੇ ਆ ਵੇ।
ਹਰ ਕੁੱਲੀ ਵਿੱਚ ਚਾਨਣ ਟਹਿਕੇ, ਐਸੀ ਅਲਖ ਜਗਾ ਵੇ।
'ਬਲਜੀਤ' ਨਮਾਣਾ ਪਿਆ ਚੀਕਦਾ, ਕਿਸਮਤ ਇਹਦੀ ਜੇਲ੍ਹ ਪਈ।
ਨਵੇਂ ਸਾਲ .......................

➢➢➢

## ਮਾਂ ਅਤੇ ਦਾਦੀ ਦੇ ਨਾਂ

*(ਮਾਂ ਸ਼੍ਰੀ ਮਤੀ ਰਣਜੀਤ ਕੌਰ ਅਤੇ ਦਾਦੀ ਸ਼੍ਰੀ ਮਤੀ ਈਸਰ ਕੌਰ ਦੇ ਨਾਂ)*

ਤੂੰ ਲਾਹ ਕੇ ਫਰਜ ਆਪਣੇ,
ਸੁਰਖਰੂ ਹੋਈ ਮਾਤਾ।
ਕਰਨ ਲੱਗੇ ਹਾਂ ਤੇਰੇ ਅੱਗੇ,
ਸੁਣ ਇੱਕ ਅਰਜੋਈ ਮਾਤਾ।

ਤੂੰ ਆਪਣੇ ਖ਼ੂਨ ਦਾ ਤੇਲ ਪਾ ਕੇ
ਦੀਪ ਸਾਡੇ ਜਿਸਮ ਦਾ ਬਾਲ਼ਿਆ ਹੈ।
ਤੈਨੂੰ ਆਪਣੀ ਜਾਨ ਦੀ ਪ੍ਰਵਾਹ ਨਾਹੀ,
...... ਐਨਾਂ ਜ਼ਫ਼ਰ ਤੂੰ ਸਾਡੇ ਲਈ ਜਾਲਿਆ ਹੈ।

ਅਨਪੜ੍ਹ ਔਰਤ ਹੋਣ ’ਤੇ ਵੀ,
ਤੂੰ ਬਖ਼ਸ਼ਿਆ ਵਿੱਦਿਆ ਦਾ ਦੀਪ ਸਾਨੂੰ।
ਕੰਡਿਆਂ ਉੱਤੇ ਕਿਸ ਤਰ੍ਹਾਂ ਹੱਸਣਾ ਹੈ,
ਤੂੰ ਕਰਕੇ ਦੱਸੀ ਪ੍ਰੀਤ ਸਾਨੂੰ।

ਪੋਹ ਦੀ ਰਾਤ ਦਾ ਰਿਵੀ ਪਾਲਾ,
ਜੋ ਖੇਤਾਂ ਨੂੰ ਜਾਂਦਾ ਹੈ ਖਾ ਮਾਤਾ।
ਤੇਰੀ ਬੁੱਕਲ ਦਾ ਐਨਾ ਨਿੱਘ ਸਾਨੂੰ,
ਲੱਗਣ ਦੇਵੇ ਨਾ ਠੰਢੀ ਵਾ ਮਾਤਾ।

ਸਾਰੀ ਦੁਨੀਆਂ ’ਤੇ ਮਿਲੇ ਨਾ ਰੁੱਖ ਕੋਈ,
ਜੀਹਦੀ ਏਨੀ ਸੰਘਣੀ ਛਾਂ ਲੋਕੋ।
ਤਾਈਆਂ ਚਾਚੀਆਂ ਭਾਵੇਂ ਲੱਖ ਹੋਵਣ,
ਐਪਰ ਬਣੇ ਨਾ ਕੋਈ ਮਾਂ ਲੋਕੋ।

ਤੂੰ ਪੀਰਾਂ ਫ਼ਕੀਰਾਂ ਤੋਂ ਸਦਾ ਉੱਚੀ,
ਪੂਜਣ ਯੋਗ ਦੁਨੀਆਂ ’ਤੇ ਮਾਂ ਲੋਕੋ।
ਆਪ ਗਿੱਲਿਆਂ ’ਤੇ ਪੈ ਕੇ ਸਾਰ ਲੈਂਦੀ,
ਸਾਨੂੰ ਪਾਇਆ ਹੈ ਸੁੱਕੀ ਥਾਂ ਲੋਕੋ।

ਤੇਰੇ ਜਜ਼ਬੇ ਨੇ ਕੀਤਾ ਜਵਾਨ ਸਾਨੂੰ,
ਤੇ ਜਜ਼ਬੇ ਹੋਰ ਨੇ ਅਜੇ ਅਨੇਕ ਤੇਰੇ।
ਤੇਰੇ ਦਿਲ ਦੀ ਇਹ ਖਾਹਿਸ਼ ਹੈ ਸੀ,
ਕਿ ਪੁੱਤਰ ਬਣਨਗੇ ਬੜੇ ਹੀ ਨੇਕ ਮੇਰੇ।

ਤੇਰੀ ਖਾਹਿਸ਼ 'ਤੇ ਫੁੱਲਾਂ ਦੀ ਕਰੀ ਵਰਖਾ,
ਹੋਰ ਹੁਕਮ ਵੀ ਤੇਰੇ ਪੁਗਾ ਦਿੱਤੇ।
ਪੁੱਠੇ ਪਏ ਨੇ ਨੇਕੀ ਦੇ ਅਰਥ ਮਾਤਾ,
ਇਹਨੇ ਹੋਰ ਸਵਾਲ ਜਗਾ ਦਿੱਤੇ।

ਤੂੰ ਵਰਜਿਆ ਝੂਠ ਦੇ ਬੋਲਣੇ ਤੋਂ,
ਠੀਕ ਸਮਝ ਕੇ ਕੀਤਾ ਪ੍ਰਵਾਨ ਮਾਤਾ।
ਦੁਨੀਆਂ ਛੱਡ ਕੇ ਕਿੱਥੇ ਭੱਜ ਜਾਵਾਂ ?
ਹਰ ਪਾਸੇ ਹੈ ਝੂਠ ਪ੍ਰਧਾਨ ਮਾਤਾ।

ਇੱਥੇ ਸੱਚ ਦੀ ਸਦਾ ਹੀ ਖੇਹ ਉੱਡੇ,
ਝੂਠ ਸੱਥਾਂ ਦੇ ਵਿੱਚ ਬੁੱਕਦਾ ਹੈ।
ਨਿਆਂਪਾਲਕਾ, ਥਾਣਿਆਂ ਵਿੱਚ ਮਾਤਾ,
ਝੂਠ ਸੱਚ ਦੇ ਉੱਤੇ ਥੁੱਕਦਾ ਹੈ।

ਕਿਸੇ ਉੱਤੇ ਨਾ ਤੇਰਾ ਹੱਥ ਉੱਠੇ,
'ਜੀਤ' ਨਮਾਣੇ ਨੂੰ ਸੌਂਹ ਚੁਕਵਾ ਦਿੱਤੀ
ਸ਼ਹਿਰ ਵਾਲੀ ਮੰਡੀ ਦੇ ਸੇਠ ਕੋਲੋਂ,
ਸਾਡੀ ਆਰਥਿਕਤਾ ਵੀ ਮਰਵਾ ਦਿੱਤੀ।

ਦਿਨ ਦਿਹਾੜੇ ਕਿਰਤ 'ਤੇ ਪਏ ਡਾਕਾ,
ਰਿਹਾ ਜਾਂਦਾ ਨਾ ਦੇਖਕੇ ਚੁੱਪ ਮਾਤਾ।
ਮੇਰੀ ਅੰਮੀਏ! ਅਸੀਂ ਹਿਸਾਬ ਲੈਣਾ,
ਤੇਰੇ ਪਿੰਡ ਨੇ ਸੇਕੀ ਜਿੰਨੀ ਧੁੱਪ ਮਾਤਾ।

ਸਿੱਖਿਆ ਦਿੱਤੀ ਧੀਆਂ ਨੂੰ ਨੀਵੀਂ ਪਾਣ ਦੀ ਤੂੰ,
ਉੱਚੀ ਬੋਲਣਾ ਨਹੀਂ ਜਬਾਨ ਵਿੱਚੋਂ।
ਪਿੰਡ ਵਿੱਚ ਗੁੰਡਿਆਂ ਦਾ ਰਾਜ ਮਾਤਾ,
ਸੌਦਾ ਲਵੇਗੀ ਕਿਵੇਂ ਦੁਕਾਨ ਵਿੱਚੋਂ ?

ਹੈ ਤੇਰੀ ਸਿੱਖਿਆ ’ਤੇ ਮਾਣ ਸਾਨੂੰ,
ਐਪਰ ਹੱਕ ਨਾ ਏਦਾ ਮਿਲਣ ਵਾਲੇ।
ਜੋ ਰਾਠਾਂ ਦੀ ਕੈਦ ਵਿੱਚ ਬੰਦ ਹੋਏ।
ਏਦਾਂ ਦਿਨ ਨਾ ਸਾਡੇ ਫਿਰਨ ਵਾਲੇ।

ਸਾਨੂੰ ਤੇਰੀ ਸਿੱਖਿਆ ਦੀ ਸੌਂਹ ਮਾਤਾ,
ਹੁਣ ਹੋਰ ਨਾ ਸਾਥੋਂ ਸਬਰ ਹੋਣਾ।
ਥੱਲੇ ਪਏ ਵੀ ਜੇਕਰ ਬੋਲੀਏ ਨਾ,
ਐਦੂ ਹੋਰ ਕੀ ਵੱਡਾ ਜਬਰ ਹੋਣਾ।

ਭਲਾ ਦੱਸੋ ਲਛਮਣ ਦੀ ਲਾਈਨ ਅੰਦਰ,
ਸੀਤਾ ਕੱਟੂਗੀ ਕਿੰਨਾ ਕੁ ਚਿਰ ਮਾਤਾ।
ਰਾਵਣ ਨਾਲ ਤਾਂ ਲੋਹਾ ਲਏ ਬਿਨਾਂ,
ਉੱਚਾ ਹੋਣਾ ਨਾ ਰਾਮ ਦਾ ਸਿਰ ਮਾਤਾ।

ਸਾਡੀਆਂ ਭੈਣਾਂ ਨੂੰ ਐਸੀ ਦੇ ਥਾਪੀ,
ਕੈਹਰੀ ਅੱਖ ਨੂੰ ਦੇਣ ਤਰੋੜ ਮਾਤਾ।
ਅਪਣੇ ਪੁੱਤਰਾਂ ਨੂੰ ਐਸੀ ਦੇ ਸ਼ਕਤੀ,
ਵਹਿਸ਼ੀ ਗੁੱਟ ਨੂੰ ਦੇਣ ਮਰੋੜ ਮਾਤਾ।

ਸਾਨੂੰ ਮਾਣ ਹੈ ਤੇਰੀ ਦਾਤਰੀ ’ਤੇ
ਕੱਖ ਖੋਤਿਆ ਬੜਾ ਜ਼ਮੀਨ ਵਿੱਚੋਂ।
ਤੇਰੀ ਅੱਖਾਂ ਦੀ ਰੋਸ਼ਨੀ ਖ਼ਤਮ ਹੋਈ,
ਐਪਰ ਮੁੱਕੇ ਨਾ ਲੀੜੇ ਮਸ਼ੀਨ ਵਿੱਚੋਂ।

ਧੰਨ ਤੂੰ ਤੇ ਧੰਨ ਹੈ ਸਿਰੜ ਤੇਰਾ,
ਬੁੱਢੀ ਹੋਈ ਵੀ ਸਾਡਾ ਫ਼ਿਕਰ ਕਰਦੀ।
ਸਾਡੇ ਦੁੱਖ ਨੂੰ ਸਦਾ ਹੀ ਪਹਿਲ ਦੇਵੇਂ,
ਆਪਣੇ ਦੁੱਖ ਦਾ ਕਦੇ ਨਾ ਜ਼ਿਕਰ ਕਰਦੀ।

ਤੇਰੀ ਸੁੱਚੀ ਚੁੰਨੀਂ ਦਾ ਸੌਂਹ ਸਾਨੂੰ,
ਸਾਨੂੰ ਏਸ 'ਤੇ ਬੜਾ ਹੈ ਮਾਣ ਮਾਤਾ।
ਅਸੀਂ ਜਾਨ ਦੀ ਬਾਜੀ ਲਾ ਕੇ ਵੀ,
ਉੱਚੀ ਕਰਾਂਗੇ ਏਸ ਦੀ ਸ਼ਾਨ ਮਾਤਾ।

ਤੇਰੇ ਰਸਤੇ ਤੋਂ ਪਹਾੜੀਆਂ ਚੀਰ ਦੇਈਏ,
ਸਿੱਧਾ ਵਗੇਗਾ ਸਦਾ ਹੀ ਰੱਥ ਤੇਰਾ।
ਬੱਸ ਇੱਕੋ ਗੱਲ ਦੀ ਲੋੜ ਸਾਨੂੰ,
ਸਾਡੇ ਸਿਰ 'ਤੇ ਰਹੇ ਸਦਾ ਹੱਥ ਤੇਰਾ।

ਤੇਰੀ ਮਮਤਾ ਦੀ ਦਾਦ ਨਾ ਦੇ ਸਕਦੇ,
ਸਾਨੂੰ ਲੋੜੀਂਦੀ ਸਦਾ ਅਸੀਸ ਇਹਦੀ।
ਤੇਰੇ ਹੱਥਾਂ ਦੀ ਰੋਟੀ 'ਚ ਕਿੰਨਾਂ ਸਵਾਦ ਮਾਤਾ,
ਸ਼ਾਹੀ ਖਾਣੇ ਕੀ ਕਰਨਗੇ ਰੀਸ ਇਹਦੀ ?

'ਬਲਜੀਤ ਧੀਮਾਨ' ਤੇਰਾ ਨਦਾਨ ਬੇਟਾ,
ਮੁਆਫ ਕਰ ਦਿਓ ਸਾਡਾ ਕਸੂਰ ਮਾਤਾ।
ਤੇਰੇ ਪਿਆਰ ਦੀ ਦੇਣ ਨਾ ਦੇ ਸਕਦੇ,
ਯਾਦ ਰੱਖੇਗਾ ਸਦਾ 'ਭਲੂਰ' ਮਾਤਾ।

➢➢➢

## ਗੀਤ

ਕਿਸਾਨ : ਵੱਢ ਕਣਕ ਬੀਜਤਾ ਨਰਮਾ,
ਇਹ ਸਮਾਂ ਲੱਗਾ ਹੈ ਭਰਮਾਂ,
ਹੁੰਦੇ ਸੁੰਦੇ ਭੁੱਖੇ ਮਰਨਾ,
ਨੀ ਮੈਨੂੰ ਨਾ ਗਵਾਰ ਜੱਟੀਏ,
ਅੱਜ ਦੱਸਦੇ ਤੂੰ ਕੀ ਕੁਝ ਲੈਣਾ,
ਹਲਾ ਨੀ ਇਸ ਵਾਰ ਜੱਟੀਏ।

ਸੁਆਣੀ : ਵੇ ਗੱਲ ਸੁਣ ਮੇਰੀ ਮੱਖਣਾ,
ਆਹ ਗਲਾ ਵੇਖ ਲੈ ਸੱਖਣਾ,
ਅਸਾਂ ਕੰਨ ਬੁੱਚਾ ਨਾ ਰੱਖਣਾ,
ਵੇ ਪੈਰਾਂ ਨੂੰ ਕਰਾਦੇ ਝਾਂਜਰਾਂ,
ਤੇਰੇ ਲਾਰਿਆਂ ਨੇ ਰੱਖਲੇ ਕੁਆਰੇ,
ਵੇ ਸੱਤ ਸਾਲ ਹੋਗੇ ਰਾਂਝਣਾ।

ਕਿਸਾਨ : ਤੂੰ ਦਿਲ ਨੂੰ ਠੰਢਾ ਕਰ ਨੀਂ,
ਤੇਰੇ ਪੂਰੇ ਕਰ ਦੇਊਂ ਘਰ ਨੀਂ,
ਜੇਰਾ ਜੱਟਾਂ ਵਾਲਾ ਕਰ ਨੀਂ,
ਕਰਲੈ ਸੁਲ੍ਹਾ ਸਫਾਈ ਨੀ,
ਲੜਨ-ਭਿੜਨ ਵਿੱਚ ਹੁੰਦੀ,
ਜੱਟੀਏ ਨਿਰੀ ਖਪਾਈ ਨੀ।

ਸੁਆਣੀ : ਤੈਨੂੰ ਰੀਸ ਕਦੇ ਨਾ ਆਉਂਦੀ,
ਬੰਤੋਂ ਨਿੱਤ ਸੂਟ ਬਦਲਾਉਂਦੀ,
ਪਾ-ਪਾ ਮੈਨੂੰ ਰੋਜ ਵਿਖਾਉਂਦੀ,
ਜੁੱਤੀ ਤਿੱਲੇਦਾਰ ਕਢਾਈ ਵੇ,
ਕੰਜੂਸ ਬਾਪ ਦੇ ਬੇਟੇ ਨੇ ਨਾ ਛਾਪ ਕਰਾਈ ਵੇ।

ਕਿਸਾਨ : ਨੀਂ ਮੈਂ ਹੁਣੇ ਸ਼ਹਿਰ ਨੂੰ ਜਾਵਾਂ,
ਕਰਜਾ ਚੁੱਕ ਤੇ ਮੁੜਕੇ ਆਵਾਂ ?
ਪਿੰਡ ਵਿੱਚ ਤੇਰੀ ਠੁੱਕ ਬਣਾਵਾਂ,
ਰਹੀਂ ਤਿਆਰ ਹਾਨਣੇ ਨੀਂ,
ਹਾਣਦੀਆਂ ਵਿੱਚ ਬਣਕੇ ਰਹੀਂ,
ਸਰਦਾਰ ਹਾਨਣੇ ਨੀਂ।

ਸੁਆਣੀ : ਵੇ ਗੱਜਦੇ ਬੱਦਲ ਕਦੇ ਨਾ ਵਰ੍ਹਦੇ
ਬੱਚੇ ਰੋਟੀ ਪਿੱਛੇ ਲੜ੍ਹਦੇ
ਘਰ ਵਿੱਚ ਚੂਹੇ ਭੁੱਖੇ ਮਰਦੇ
ਫੜ੍ਹਾਂ ਫੋਕੀਆਂ ਮਾਰ ਨਹੀਂ
ਪਿੰਡ 'ਭਲੂਰ' 'ਚੋਂ ਮਿਲਣਾ 'ਜੀਤ' ਨੂੰ ਟਕਾ ਉਧਾਰ ਨਹੀਂ।

➢➢➢

## ਨਜ਼ਮ

ਇਹ ਸੱਥਰ ਮਰੀ ਮਨੁੱਖਤਾ ਉੱਤੇ ਆ ਕੇ ਕੋਈ ਅਫਸੋਸ ਕਰੋ।
ਹਰ ਘਰ ਵਿੱਚ ਪਏ ਸਿਆਪੇ ਨੇ ਓਏ ਦੁਨੀਆਂ ਵਾਲਿਓ ਹੋਸ਼ ਕਰੋ।

ਔਹ ਗਲੀ ਬਜ਼ਾਰਾਂ ਦੇ ਵਿੱਚ ਰੁਲਦੀ, ਲਾਸ਼ ਹੈ ਮੇਰੇ ਬਾਪੂ ਦੀ,
ਕੋਈ ਇੱਕ ਜਾਣਾ ਤਾਂ ਮਾਂ ਮੇਰੀ ਕੋਲ ਆ ਕੇ ਜਰਾ ਮਸੋਸ ਕਰੋ।

ਭਾਰਤ ਮਾਂ ਨੂੰ ਡੰਗ ਚੱਲਿਆ ਹੈ ਫਨੀਅਰ ਸੱਪ ਜਨੂੰਨਾਂ ਦਾ,
ਏਸ ਨਾਗ ਨੂੰ ਪਾਲਣ ਵਾਲੇ ਜੋਗੀ ਅੱਗੇ ਰੋਸ ਕਰੋ।

ਵੰਗਾਂ ਅਤੇ ਸੰਧੂਰ ਲਤੜ ਕੇ ਇਹ ਤਖਤਾਂ ਉੱਤੇ ਬਹਿੰਦੇ ਨੇ,
ਹੁਣ ਓਸ ਤਖਤ 'ਤੇ ਰਾਜੇ ਦੀ ਹੀ ਲੋਥ ਧਰੋ।

ਅੱਜ ਪਵਿੱਤਰ ਧਰਤੀ ਮਾਤਾ ਕਬਰਾਂ ਦੇ ਵਿੱਚ ਬਦਲ ਗਈ,
ਓਏ ਲੋਕੋ ਇਸ ਮੁਰਦੇ ਅੰਦਰ ਫਿਰ ਜੀਵਨ ਦਾ ਜੋਸ਼ ਭਰੋ।

➢➢➢

# ਦੱਸ

ਉੱਥੇ,
ਜਿੱਥੇ
ਕਾਤਲ ਸ਼ਰੇਆਮ ਦਨ-ਦਨਾਉਂਦੇ ਨੇ,
ਲੋਕਾਂ ਨੂੰ ਧਮਕਾਉਂਦੇ ਨੇ,
ਨਦੀਆਂ ਖ਼ੂਨ ਦੀਆਂ ਵਹਾਉਂਦੇ ਨੇ,
ਲੀਡਰਾਂ ਦੀ ਸ਼ਰਨ 'ਚ ਸਮਾਉਂਦੇ ਨੇ,
ਤੇ ਕਤਲ ਹੋਏ ਲੋਕ ਵੇਖ-ਵੇਖ ਘਬਰਾਉਂਦੇ ਨੇ,
ਦੱਸੋ ?
ਉੱਥੇ ਕੀ ਕਰੀਏ ?

ਉੱਥੇ,
ਜਿੱਥੇ
ਰਿਸ਼ਵਤ ਨੇ ਰੰਗ ਵਿਖਾਏ ਨੇ,
ਵਿਹਲੜ ਕਾਰਾਂ ਵਿੱਚ ਬਿਠਾਏ ਨੇ,
ਕੱਚੀ ਪੱਕੀ ਬੀ. ਏ. ਵਾਲੇ ਡੀ. ਸੀ., ਐੱਸ. ਪੀ. ਲਾਏ ਨੇ
ਸ਼ਾਨ ਨਾਲ ਇਹ ਜੀਵਨ ਜੀਉਂਦੇ, ਹਰ ਪਾਸੇ ਇਹ ਛਾਏ ਨੇ,
ਜਿੱਥੇ ਮਾੜੇ ਦੇ ਪੁੱਤ ਪੜ੍ਹ ਲਿਖ ਕੇ ਵੀ, ਘਾਹ ਖੋਤਣ ਵਿੱਚ ਪਾਏ ਨੇ,
ਦੱਸੋ ?
ਉੱਥੇ ਗਰੀਬ ਵਿਚਾਰਾ ਕੀ ਕਰੇ ?

ਉੱਥੇ,
ਜਿੱਥੇ
ਵਿੱਦਿਆ ਉੱਚ ਵਰਗ ਦੀ, ਗੋਲੀ ਬਣਕੇ ਰਹਿ ਗਈ ਐ।
ਸਾਡੇ ਬੂਹੇ ਤੋਂ ਤਾਂ ਔਸਰ ਝੋਟੀ ਵਾਂਗ ਤ੍ਰਹਿ ਗਈ ਐ।
ਭੂਤਰੀ ਹੋਈ ਮਹਿੰਗਾਈ, ਇਕਨਾਂ ਨੂੰ ਮਾਰਨ ਪੈ ਗਈ ਐ।
ਲੋਕ ਰਾਜ ਦੀ ਗੱਡੀ ਲੀਹੋਂ ਲਹਿ ਗਈ ਐ।
ਜਿੱਥੇ ਜਨਤਾ ਦੇ ਜੀਵਨ ਦੀ ਢੇਰੀ ਢਹਿ ਗਈ ਐ।
ਦੱਸੋ ?
ਹੱਕ ਸਭਨਾਂ ਲਈ ਬਰਾਬਰ ਕਿਵੇਂ ਹੋਏ ?

ਉੱਥੇ

ਜਿੱਥੇ

ਕਾਤਲ ਦੀ ਰਖੈਲ ਸਰਕਾਰ ਹੋਵੇ।
ਰਾਜਾ ਬਦਮਾਸ਼ਾਂ ਦਾ ਲੰਬੜਦਾਰ ਹੋਵੇ
ਤੇ ਸੱਚ ਨੂੰ ਸਭ ਪਾਸੇ ਤੋਂ ਮਾਰ ਹੋਵੇ
ਜਿਸ ਪਿੰਡ 'ਤੇ ਗਿਰਝਾਂ ਦਾ ਅਧਿਕਾਰ ਹੋਵੇ।
ਜਿੱਥੇ ਨਿਆ ਦਾ ਨਿੱਤ ਸੱਜਰਾ ਸੰਸਕਾਰ ਹੋਵੇ।
ਦੱਸੋ ?

ਉਥੇ ਨਿਆ ਦੀ ਕੋਈ ਕੀ ਆਸ ਕਰੇ ?

ਉੱਥੇ

ਜਿੱਥੇ

ਔਰਤ ਹੋਣਾ ਇੱਕ ਅਪਰਾਧ ਹੋਏ
ਮੁੰਡਾ ਹੋਵੇ ਤਾਂ ਪਰ ਲੱਗ ਜਾਂਦੇ, ਕੁੜੀ ਜੰਮੀ ਤਾਂ ਭਾਰ ਹੋਏ।
ਜਨਮ ਤੋਂ ਪਹਿਲਾਂ ਮਾਰ ਕੁੜੀ ਨੂੰ, ਹਸਦਾ ਇਹ ਸੰਸਾਰ ਹੋਏ।
ਲਾਲਚ ਦੇ ਵੱਸ ਡਾਕਟਰ ਏਥੇ, ਇਨਸਾਨੀ ਕਤਲ 'ਚ ਭਾਗੀਦਾਰ ਹੋਏ।
ਜਿੱਥੇ ਬੱਚੇ ਕਰਨ ਮਜੂਰੀ, ਤੇ ਹਰ ਪਾਸੇ ਅੰਧਕਾਰ ਹੋਏ।
ਦੱਸੋ ?
ਉਥੇ ਇਨਸਾਨੀਅਤ ਦੀ ਕੀ ਕਦਰ ਹੋਊ ?

ਤੇ 'ਬਲਜੀਤ ਨਿਮਾਣੇ' ਦਾ ਕੀ ਹਾਲ ਹੋਊ ?

➢➢➢

## ਪਿੰਡ ਦੀ ਰੂਹ

ਘੁੰਮ ਦੇਖਿਆ ਜੱਗ ਤੈਂ, ਨਾ ਮਿਲਦੀਆਂ ਛਾਵਾਂ।
ਕਿੰਨੀਆਂ ਤੇਜ ਨੇ ਵਗਦੀਆਂ, ਤੇਰੇ ਪਿੰਡ ਹਵਾਵਾਂ।

ਲੈਕੇ ਲਾਵਾਂ ਤੁਰ ਗਿਆ ਨਾ ਮੁੜਕੇ ਆਇਆ।
ਸਾਡੇ ਮਹਿਕਦੇ ਹੁਸਨ ਦਾ ਤੂੰ ਕਦਰ ਕੀ ਪਾਇਆ।
ਤੇਰਾ ਦੱਸ ਵਿਗਾੜਿਆ ਕੀ ਸਾਡਿਆਂ ਚਾਵਾਂ।
ਕਿੰਨੀਆਂ ..........................

ਪੈਰੀਂ ਤੇਰੇ ਬੇੜੀਆਂ ਪੈਰ ਪੁੱਟ ਨਾ ਸਕਦਾ।
ਪੈਸੇ ਕੀਤਾ ਕੈਦ ਹੈ ਤੂੰ ਛੁੱਟ ਨਾ ਸਕਦਾ।
ਸਾਡਾ ਮੰਦੜਾ ਹਾਲ ਤੂੰ ਜਾ ਕਹੀਂ ਵੇ ਕਾਂਵਾਂ।
ਕਿੰਨੀਆਂ ..........................

ਦਾਦੀ-ਦਾਦੀ ਕਰ ਗਏ ਤੇਰੇ ਸੁਰਗ ਚੜ੍ਹਾਈ।
ਬਾਪੂ ਕੁੱਬਾ ਹੋ ਗਿਆ ਅੱਖੀਂ ਐਨਕ ਲਾਈ।
ਅੱਜ ਡੰਗੋਰੀ ਪੁੱਤਰਾ ਕਿਸਨੂੰ ਪਕੜਾਵਾਂ।
ਕਿੰਨੀਆਂ .......................

ਫੋਟੋ ਚਿੱਠੀਆਂ ਜੋ ਤੇਰੀਆਂ ਜੋ ਸਾਂਭ ਕੇ ਰੱਖਦੀ।
ਭੇਜ ਵੀਰੇ ਨੂੰ ਰੱਖੜੀ ਸੀ ਫਿਰਦੀ ਨੱਚਦੀ।
ਤੁਰ ਗਈ ਡੋਲੀ ਸੋਹਣਿਆਂ ਤੇਰੇ ਤੱਕਦੀ ਰਾਹਾਂ।
ਕਿੰਨੀਆਂ ......................

ਰਾਹ ਸੋਹਣੇ ਦਾ ਦੇਖਦੀ ਮਾਂ ਕੋਠੇ ਚੜ੍ਹਕੇ।
ਆਜਾ ਪੁੱਤਰਾ ਮੇਰਿਆ ਰੂਹ ਤੈਨੂੰ ਤਰਸੇ।
ਪੁੱਤ ਮਾਵਾਂ ਨੂੰ ਡੀਕਦੇ ਤੈਨੂੰ ਡੀਕਣ ਮਾਵਾਂ।
ਕਿੰਨੀਆਂ .....................

ਵਿਆਹ ਦੇ ਕਾਰਡ ਦੇਂਵਦੇ ਨੇ ਦੋਸਤ ਤੇਰੇ।
ਕੇਰਾਂ ਪਾ ਕੇ ਵੇਖ ਲੈ ਵਤਨਾਂ ਨੂੰ ਫੇਰੇ।
ਹੋਈਆਂ ਨੇ ਬੇਸਬਰੀਆਂ ਵੀਰਾਂ ਦੀਆਂ ਬਾਹਵਾਂ।
ਕਿੰਨੀਆਂ ........................

ਵਿੱਚ ਮੰਦਹੋਸ਼ੀ ਅਲਵਿਦਾ ਜੋ ਕਹਿੰਦੇ ਮਾਂ ਨੂੰ।
ਬਲਜੀਤ 'ਭਲੂਰੀਆ' ਲਿਖੂਗਾ ਕਿਵੇਂ ਆਪਣੇ ਨਾਂ ਨੂੰ।
ਜਿਸਦਾ ਨਾ ਕਦੇ ਪਿਆ ਹੈ ਪਿੰਡ 'ਤੇ ਪਰਛਾਵਾਂ
ਕਿੰਨੀਆਂ ........................

➢➢➢

## ਹੜ੍ਹਾਉ ਦਰਿਆ

ਅਸੀਂ ਕਿੱਧਰ ਨੂੰ ਤੁਰ ਚੱਲੇ ਹਾਂ,
ਅਸੀਂ ਕਿੱਧਰ ਨੂੰ ਤੁਰ ਚੱਲੇ ਹਾਂ।

ਠੱਗੀ ਚੋਰੀ, ਬੇਈਮਾਨੀ
ਤੇ ਡਾਕੇ
ਨਿੱਤ ਸੁਣੀਂਦੇ ਨਵੇਂ ਨਵੇਂ-
ਹੀ ਵਾਕੇ।
ਤੇਜ਼ੀ ਦੇ ਨਾਲ ਬਦਲ ਰਹੇ ਨੇ,
ਪਿੰਡ ਮੇਰੇ ਦੇ ਖਾਕੇ।
ਕੱਲ੍ਹ ਹਲੇ ਦੋ ਫੁੱਲ ਟਹਿਕਦੇ,
ਖੇਲ ਰਹੇ ਸੀ।
ਆਪਣੀ ਨਦਾਨੀ ਦੁਨੀਆਂ ਦੇ ਵਿੱਚ
ਮੇਲ ਰਹੇ ਸੀ।

ਕਿਸੇ ਦੀ ਮਮਤਾ ਦੀ ਉਹ ਭੁੱਖ ਮਿਟਾਉਂਦੇ।
ਕਿਸੇ ਗੋਦੀ ਨੂੰ ਨਿੱਘ ਪਹੁੰਚਾਉਂਦੇ।
ਖਿਲ ਖਿਲ ਹਸਦੇ ਹਵਾ ਦੇ ਅੰਦਰ
ਸੁਗੰਧ ਮਿਲਾਉਂਦੇ।
ਇਸ ਜਾਲਮ ਸੰਸਾਰ ਦੀ,
ਉਨ੍ਹਾਂ ਨੂੰ ਕੋਈ ਸਾਰ ਨਹੀਂ ਸੀ।
ਉਹ ਕੀ ਜਾਨਣ?
ਅਸੀਂ ਇਸ ਦੁਨੀਆਂ ਵਿੱਚ ਇਕੱਲੇ ਹਾਂ।
ਅਸੀਂ ਕਿੱਧਰ ਨੂੰ .......................

ਉਹ ਕੀ ਜਾਨਣ?
ਪੱਧਰ ਅਤੇ ਮਸ਼ੀਨਾਂ ਵਿੱਚ ਉਲਝਿਆ ਮਨੁੱਖ,
ਪਦਾਰਥ ਦੇ ਹੜ੍ਹ ਵਿੱਚ ਹੜ੍ਹ ਗਿਆ ਹੈ।
ਕੁਝ ਵਿਆਜਾਂ ਕਰਜਿਆਂ ਦੀ,
ਭੱਠੀ ਵਿੱਚ ਸੜ ਗਿਆ ਹੈ।

ਤੇ ਬਾਕੀ ਰਹਿੰਦਾ,
ਨਸ਼ਿਆਂ ਦੀ ਭੇਟਾ ਚੜ੍ਹ ਗਿਆ ਹੈ।
ਤੇ ਹੱਥੀਂ ਖੋਦੇ ਇਸ,
ਹੜ੍ਹਾਉ ਦਰਿਆ ਦੀਆਂ,
ਘੁੰਮਣ ਘੇਰੀ ਵਿੱਚ ਫਸਿਆ ਮਨੁੱਖ
ਨਿਕਲਣ ਦੀ ਕੋਸ਼ਿਸ਼ ਵਿੱਚ
ਹੱਥ ਪੈਰ ਮਾਰ ਰਿਹਾ ਹੈ।
ਇਸ ਤਰ੍ਹਾਂ ਵਿਆਜਾਂ ਕਰਜਿਆਂ ਵਿੱਚ ਫਸਿਆ
ਬੇਵਸ ਅਤੇ ਲਾਚਾਰ ਹੋਇਆ ਮਨੁੱਖ
ਪਾਗਲ ਹੋ ਜਾਂਦਾ ਹੈ।
ਉਸ ਲਈ
ਪੁੱਤਰ-ਧੀਆਂ,
ਮਾਂ-ਬਾਪ, ਭੈਣ-ਭਾਈ ਜਾਂ ਜੀਵਨ ਸਾਥੀ ਦਾ,
ਕੋਈ ਅਰਥ ਨਹੀਂ ਰਹਿ ਜਾਂਦਾ।
ਉਹ ਤਾਂ ਬੱਸ।
ਘੁੰਮਣ ਘੇਰੀਆਂ 'ਚੋਂ ਨਿਕਲਣ ਲਈ,
ਆਪਾ ਬਚਾਉਣ ਲਈ,
ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ।
ਤੇ ਇਸ 'ਚੋਂ ਨਿਕਲਣ ਦੀ
ਅਸਫਲ ਕੋਸ਼ਿਸ਼ ਕਰਦਾ ਮਨੁੱਖ
ਆਪਣੇ ਹੱਥੀਂ
ਤਿਆਰੀਆਂ, ਸੰਵਾਰੀਆਂ ਬਗੀਚੀਆਂ
ਅਤੇ
ਟਹਿਕਦੇ ਫੁੱਲਾਂ ਨੂੰ
ਲਤਾੜ ਜਾਂਦਾ ਹੈ।
ਮਤਾੜ ਜਾਂਦਾ ਹੈ।
ਜਾਂਦਾ-ਜਾਂਦਾ
ਡੁੱਬਦਾ-ਡੁੱਬਦਾ,
ਮਰਦਾ-ਮਰਦਾ।
ਕਿਉਂ ਇੰਜ ਹੋਏ ਅਸੀਂ ਝੱਲੇ ਹਾਂ
ਅਸੀਂ ਕਿੱਧਰ ....................

ਠੱਗੀ ਚੋਰੀ ਬੇਈਮਾਨੀ ਤੇ ਡਾਕੇ
ਕਤਲ, ਆਤਮਹੱਤਿਆ, ਬਲਾਤਕਾਰੀ ਦੇ ਵਾਕੇ।
'ਭਲੂਰ' ਨੂੰ ਜਾਂਦੇ ਹਰ ਰਾਹ ਉੱਤੇ,
ਪੁਲਿਸ ਨੇ ਲਾਏ ਨਾਕੇ।
'ਜੀਤ ਨਿਮਾਣਾ' ਸਮਝ ਨ ਸਕਿਆ।
ਕਿਉਂ ਦਿਲੋਂ, ਦਿਮਾਗੋ ਹੱਲੇ ਹਾਂ
ਅਸੀਂ ਕਿੱਧਰ ..................

ਇੱਕ ਹੜ੍ਹਾਉ ਦਰਿਆ ਅੰਦਰ ਰੁੜ੍ਹ ਚੱਲੇ ਹਾਂ,
ਅਸੀਂ ਕਿੱਧਰ ...................

➢➢➢

## ਤਾਈ ਦਾ ਵਿਹੜਾ

*(ਤਾਈ ਪ੍ਰਤਾਪ ਕੌਰ ਦੀ ਯਾਦ ਨੂੰ ਸਮਰਪਿਤ)*

ਉਹ ਦਿਨ ਦੇ ਕੀ ਕਹਿਣੇ ਜੀ,
ਜਿਉਂ ਵਿੱਚ ਸੁਰਗਾਂ ਦੇ ਰਹਿਣੇ ਜੀ।

ਵਿਹੜੇ ਦੇ ਜੋ ਕੁੜੀਆਂ ਮੁੰਡੇ।
ਆਥਣ ਨੂੰ ਸਭ ਕੱਠੇ ਹੁੰਦੇ।
ਵਾਰੋ ਵਾਰੀ ਪੁੱਗੀ ਜਾਂਦੇ।
ਖੇਡਣ ਦੇ ਵਿੱਚ ਖੁੱਭੀ ਜਾਂਦੇ।
ਇੱਕ ਊਚ-ਨੀਚ ਵਿੱਚ ਦਾਈ ਜਾਂਦਾ।
ਦੂਜਿਆਂ ਨੂੰ ਭਜਾਈ ਜਾਂਦਾ।
ਉਏ ਕੱਛ ਕਿਸੇ ਨੇ ਫੜਨੀ ਨਹੀਂ।
ਗੁੱਤ 'ਚ ਧੌਲ ਧਰਨੀ ਨਹੀਂ।
ਰੌਲ ਕਿਸੇ ਨੇ ਪਾਉਣੀ ਨਹੀਂ।
ਹੀਲ ਦੀ ਮੰਗ ਮਨਾਉਣੀ ਨਹੀਂ।
ਭੱਜੇ ਜਾਂਦੇ ਭਜਾਈ ਜਾਂਦੇ।
ਰੌਲਾ ਸਾਰੇ ਪਾਈ ਜਾਂਦੇ।
ਬੱਚਿਆਂ ਨੇ ਚੜ੍ਹ-ਚੋਲੜ੍ਹ ਪਾਇਆ।
ਤਾਈ ਨੇ ਥੱਪੜ ਚੱਕ ਦਬਕਾਇਆ।
ਬੱਚਿਆਂ ਅੱਗੋਂ ਹੱਸ ਵਿਖਾਇਆ।
ਵੇਖੋ ਤਾਈ ਨੂੰ ਗੁੱਸਾ ਆਇਆ।
ਵੇਖੋ ਤਾਈ ਨੂੰ ਗੁੱਸਾ ਆਇਆ।

ਜਾਹ ਨੀਂ ਬਨਸੋ ਕੇਸ ਵੁਹਾ ਆ।
ਜਾਹ ਵੇ ਮੱਦੀਆ ਨਲੀ ਪੂੰਝਾ ਆ।
ਜਾਹ ਗਿੱਡਲਾ ਮੂੰਹ ਧੋ ਕੇ ਆ ਵੇ।
ਮਾਂ ਨੂੰ ਕਹਿਕੇ ਝੱਗਾ ਪਾ ਵੇ।
ਰੌਣਕ ਭਰਿਆ ਵਿਹੜਾ ਮੰਦਰ।
ਬੱਚੇ ਉਸ ਦੇ ਪੀਰ-ਪੈਗੰਬਰ।
ਨੇੜੇ ਢੁੱਕ-ਢੁੱਕ ਬਹਿਣੇ ਜੀ।
ਉਹ ਦਿਨ ..................

ਪਿੱਲ ਚੋਟ 'ਤੇ ਖੁੱਤੀ ਗੋਲੀਆਂ।
ਘਰੋਂ ਲਿਆਉਣੀਆਂ ਭਰ ਝੋਲੀਆਂ।
ਕੋਈ ਕਹੇ ਗੱਡਾ-ਗਡਾਰੀਆ ਕਿੰਨਾਂ ਕੁ ਭਾਰ।
ਇੱਕ ਮੁੱਠੀ ਚੱਕ ਲੈ ਦੂਜੀ ਨੂੰ ਤਿਆਰ।
ਕੋਈ ਖੇਡਦਾ ਡਿੱਕਰੀ-ਖਾਨਾਂ, ਬਾਰਾਂਟਾਣੀ।
ਸਾਰੇ ਮਿਲਕੇ ਖੇਡਣ ਹਾਣੀ।
ਝੂਠ-ਮੂਠ ਦੀ ਜਿੱਤ ਤੇ ਹਾਰ।
ਇਸ ਪਿਆਰ 'ਚ ਰੱਬ ਦਾ ਪਿਆਰ।
ਚਹਿਕਣ ਜਦ ਬਚਪਣ ਦੇ ਸਰਦਾਰ।
ਤਾਈ ਦੇ ਵਿਹੜੇ ਖਿੜੇ ਬਹਾਰ।
ਦੋ ਬੋਲ ਤੋਤਲੇ ਕਹਿਣੇ ਜੀ।
ਉਹ ਦਿਨ .....................

ਰਾਤੀਂ ਲਿਆ ਮੰਜੀ ਨੂੰ ਡ੍ਹੌਣਾ।
ਤੇ ਰੜੇ-ਘਰੋੜੇ ਸੌਣਾ।
ਖੁੱਲੇ ਅੰਬਰ ਥੱਲੇ ਸੌਣਾ।
ਚੰਨ ਚਾਨਣੀਆਂ ਰਾਤਾਂ ਜੀ।
ਫਿਰ ਸ਼ੁਰੂ ਤਾਈ ਦੀਆਂ ਦਾਤਾਂ ਜੀ।
ਰਾਜੇ, ਪਰੀਆਂ ਦੀਆਂ ਬਾਤਾਂ ਜੀ।
ਨਵੀਆਂ ਨਿੱਤ ਜਮਾਤਾਂ ਜੀ।
ਸਾਨੂੰ ਰੋਜ ਪੜ੍ਹਾਈ ਜਾਂਦੀ।
ਗੁਰੂ ਕਹਾਣੀ ਕੰਠ ਕਰਾਈ ਜਾਂਦੀ।

ਸੁਣੋ ਮੇਰੇ ਪਿਆਰੇ ਬੱਚੇ।
ਬਣੋ ਮੇਰੇ ਸਚਿਆਰੇ ਬੱਚੇ।
ਚੰਗੇ ਚੰਗੇ ਕਰਮ ਕਮਾਵੋ।
ਦੁਨੀਆਂ ਦੇ ਵਿੱਚ ਨੇਕੀ ਪਾਵੋ।
ਇੱਕ ਸੀ ਰਾਜਾ ਇੱਕ ਸੀ ਰਾਣੀ।
ਸ਼ੁਰੂ ਫੇਰ ਤੋਂ ਰਾਮ ਕਹਾਣੀ।
ਕੁਲ ਸੁਧਾਰਨ ਨਾਨਕ ਆਇਆ।
ਭੁੱਖਿਆਂ ਨੂੰ ਭੋਜਨ ਵਰਤਾਇਆ।

ਆਪ ਖੇਤਾਂ ਵਿੱਚ ਹੱਲ ਚਲਾਇਆ।
ਤਾਂ ਹੀ ਕਿਰਤੀ ਗੁਰੂ ਕਹਾਇਆ।
ਐਡੀ ਮੇਰੀ ਬਾਤ।
ਉੱਤੋਂ ਪੈਗੀ ਰਾਤ।
ਛੱਤਣਾ ਸੀ ਕੋਠਾ।
ਛੱਤ ਲਈ ਸਵਾਤ।
ਹੂੰ-ਹੂੰ ਕਰਦੇ ਅਸੀਂ ਸੌਂ ਜਾਂਦੇ।
ਰਾਤ ਗਈ ਦੀਵੇ ਬੁੱਝ ਜਾਂਦੇ।
ਇੰਜ ਕੱਠੇ ਹੋਕੇ ਰਹਿਣੇ ਜੀ।
ਉਹ ਦਿਨ ....................

ਵਿਹੜੇ ਦੀਆਂ ਸਭ ਅੱਲ੍ਹੜ ਕੁੜੀਆਂ।
ਹਨ੍ਹੇਰਾ ਹੁੰਦੇ ਸਾਰ ਹੀ ਜੁੜੀਆਂ।
ਚਰਖੇ ਪੀਹੜੇ ਆ ਕੇ ਡ੍ਹਾਵਣ।
ਦੇਰ ਰਾਤ ਤੱਕ ਕੱਤਦੀਆਂ ਜਾਵਣ।
ਚਰਖੇ ਦੀ ਘੂਕਰ ਵਿੱਚ ਤੰਦ ਜਦ ਪਾਵਣ।
ਦਿਨੇਂ ਸੁਆਣੀ, ਰਾਤੀ ਗੀਤ ਸੁਣਾਵਣ।

ਲਓ ਜੈਕੁਰ ਤਾਂ ਅੱਜ ਕੌਲੇ ਕੱਛਣ ਚੜ੍ਹਗੀ ਐਂ।
ਖੇਮੀਂ ਅਤੇ ਨਧਾਨੋਂ ਦੇ ਘਰ ਵੜਗੀ ਐ।
ਚੁੱਲੇ ਉੱਤੇ ਪਈ ਦਾਲ ਤਾਂ ਸੜਗੀ ਐ।
ਸੱਤ ਬੱਚਿਆਂ ਨੂੰ ਕੱਠਾ ਕਰਕੇ ਬਾਹਰੋਂ ਜਿੰਦਰਾ ਜੜ੍ਹਗੀ ਐ।

ਬਾਹਰੋਂ ਆ ਗਿਆ ਬਾਬਾ ਬੋਘਾ।
ਤੇ ਅੱਜ ਫਿਰ ਖੂਬ ਤਮਾਸ਼ਾ ਹੋਗਾ।
ਦੋ ਲੰਝਿਆਂ ਦੀ ਦੌੜ ਗਲੀ ਵਿੱਚ ਲਗਦੀ ਐ।
ਪਿੱਛੇ ਪਿੱਛੇ ਬਾਬਾ ਤੇ ਅੱਗੇ ਜੈਕੁਰ ਭਜਦੀ ਐ।
ਬਾਬੇ ਵਾਲੇ ਖੂੰਡੇ ਨੇ ਬਣਾਤੀ ਬੇਬੇ ਵਾਲੀ ਰੇਲ ਜੀ।
ਸੁਰਜੂ ਦੀ ਮਾਂ ਮਲ੍ਹੇ ਗਿੱਟਿਆਂ 'ਤੇ ਤੇਲ ਜੀ।
ਸੁਣ ਨੀਂ ਨਧਾਨੋਂ ਮੋਟੀ ਮੈਨੂੰ ਤੂੰ ਛਡਾਇਆ ਨਾ।
ਹਰੋ ਤੇ ਦਲੀਪੋ ਨੇ ਵੀ ਸਹੇਲ ਨੂੰ ਪੁਗਾਇਆ ਨਾ।

ਖੇਮੀਂ ਕੋਲੇ ਦਿਲ ਹੌਲਾ ਕਰਨ ਕੀ ਬਹਿਗੀ ਮੈਂ।
ਬੌਲ਼ਿਆਂ ਦੀ ਘੇਰੀ ਹੁਣ ਘਰ ਜੋਗੀ ਰਹਿਗੀ ਮੈਂ।
ਤੂੰ ਹੀ ਦੱਸ ਈਸਰੋ ਮੈਂ ਕਿੱਧਰ ਨੂੰ ਜਾਵਾਂ ਨੀਂ।
ਤੁੱਤਲੀ ਤੇ ਘੱਚੀ ਕੋਲੋਂ ਖਹਿੜਾ ਕਿਵੇਂ ਮੈਂ ਛੁਡਾਵਾਂ ਨੀਂ।
ਹਾਰ-ਹੰਭ ਬੇਬੇ ਬਹਿਗੀ, ਤਾਈ ਕੋਲੇ ਆ ਕੇ ਜੀ।
ਠੰਡੀ ਠਾਰ ਕੀਤੀ ਬੇਬੇ, ਤਾਈ ਨੇ ਸਮਝਾ ਕੇ ਜੀ।

ਉੱਠ ਕੇ ਸਵੇਰੇ ਬੇਬੇ ਦੁੱਧ ਰਿੜਕੇ।
ਦੁੱਧ ਚੋਣ ਗਈ ਤਾਈ ਪਸ਼ੂਆਂ ਨੂੰ ਝਿੜਕੇ।
ਬੈਲਾਂ ਦੀਆਂ ਟੱਲੀਆਂ ਨੇ ਛੇੜ ਦਿੱਤਾ ਰਾਗ ਸੀ।
ਆਲ੍ਹਣੇ 'ਚੋਂ ਪੰਛੀ ਹੁਣ ਪਏ ਜਾਗ ਸੀ।
ਹੋ ਕੇ ਤਿਆਰ ਬੱਚੇ ਸੀ ਸਕੂਲ ਜਾਂਵਦੇ।
ਮੱਖਣ ਤੇ ਲੱਸੀ ਨ ਪਰਾਉਂਠੇ ਖਾਂਵਦੇ।

ਗੋਹਾ ਕੂੜਾ ਤੇ ਝਾੜੂ ਲਾ ਕੇ।
ਦੁੱਧ ਦੇ ਵਿੱਚੋਂ ਮਧਾਣੀ ਲਾਹ ਕੇ।
ਆਪੋ-ਆਪਣਾ ਕੰਮ ਮੁਕਾ ਕੇ।
ਪਰਾਂਤਾਂ ਆਪਣੇ ਸਿਰ 'ਤੇ ਚਾਅ ਕੇ।
ਫਿਰ ਮਾਵਾਂ ਦੀ ਆ ਗਈ ਵਾਰੀ।
ਮਿੰਦੋ, ਛਿੰਦੋ, ਬਿਸ਼ਨੀ ਤੇ ਕਰਤਾਰੀ।
ਬਿੰਬੋ, ਗਾਮੋਂ ਤੇ ਫਿੱਨੋਂ ਘੁਮਿਆਰੀ।
ਬੀਬੋ, ਪਾਲੋ ਤੇ ਸੰਤੋ ਸੁਨਿਆਰੀ।
ਕੱਠੀਆਂ ਹੋਈਆਂ ਵਾਰੋ ਵਾਰੀ।

ਨੀਂ ਬੁੱਧਾਂ ਲਾਲ਼ੋ ਤੰਦੂਰ ਤਪਾ ਲੈ।
ਕੁੱਢਣ ਫੜ ਤੇ ਬਾਲਣ ਪਾ ਲੈ।
ਥੋੜ੍ਹੀਆਂ ਛਿਟੀਆਂ ਹੋਰ ਮੰਗਾ ਲੈ।
ਆ ਨੀਂ ਈਸਰੋ ਪੇੜੇ ਕਰਦੇ।
ਸੀਤੋ-ਪੀਤੋ ਗੁੱਲੀਆਂ ਜੜਦੇ।
ਫਿਰ ਭਾਬੀ ਤੁੱਤਲੀ ਦਾ ਹੱਥ ਵਟਾਵਾਂਗੇ।
ਦੋ ਪੂਰ ਅੱਜ ਮਿੱਸੀਆਂ ਦੇ ਵੀ ਲਾਹਵਾਂਗੇ।

ਨੀਂ ਵੀਰੋ ਕਾਣੀਂ ਅੱਜ ਚਟਣੀਂ ਮੈਥੋਂ ਲੈ ਜਾਵੀਂ।
ਨੀਂ ਦਿਆਲੋ ਖੱਟੀ ਲੱਸੀ ਦੇ ਜਾਵੀਂ।
ਸ਼ਾਮੀ ਕੜ੍ਹੀ ਬਣਾਵਾਂਗੀ।
ਤੇਰੇ ਜੇਠ ਨੂੰ ਖ਼ੂਬ ਖੁਆਂਵਾਂਗੀ।
ਨੀਂ ਭੂਰੋ ਨੈਣੇ ਅੱਜ ਖਾਲੀ ਹੱਥ ਆਈ ਤੂੰ।
ਵਿਆਹ ਵਾਲੇ ਲੱਡੂਆਂ ਦਾ ਥਾਲ ਨ ਲਿਆਈ ਤੂੰ।

ਨੀਂ ਨਵੀਂਏ ਨੂੰਹੇ, ਸੱਸ ਤਾਂ ਤੇਰੀ ਬੜੀ ਹੈ ਸਾਊ।
ਮੁੰਡਾ ਸਾਡਾ ਖ਼ੂਬ ਕਮਾਊ।
ਹੁਣ ਇਹਦੀ ਸੰਗ ਵੀ ਲਾਹੁਣੀ ਐ।
ਕੱਲ੍ਹ ਖਿੱਚਕੇ ਅੰਦਰੋਂ ਲਿਆਉਣੀ ਐ।
ਤੇ ਲਿਆ ਤੰਦੂਰ ਬਿਠਾਉਣੀ ਐ।
ਕੱਲ੍ਹ ਇਹਦੀਆਂ ਪੱਕੀਆਂ ਖਾਵਾਂਗੇ।
ਤੇ ਸਾਰੇ ਸ਼ਗਨ ਮਨਾਵਾਂਗੇ।

ਢਿੱਡ ਹੌਲਾ ਕਰਦੀਆਂ ਵਿਹੜੇ ਦੀਆਂ ਤ੍ਰੀਮਤਾਂ।
ਇੰਜ ਸੀ ਤੰਦੂਰਾਂ ਦੀਆਂ ਵੱਖਰੀਆਂ ਕੀਮਤਾਂ।
ਮਿੰਨੀਆਂ ਪਚੈਤਾਂ ਨਿੱਤ ਜੁੜਨ ਤੰਦੂਰਾਂ ’ਤੇ।
ਘਰਾਂ ਦੀਆਂ ਅੱਧੀਆਂ ਲੜਾਈਆਂ ਹੱਲ ਹੁੰਦੀਆਂ ਤੰਦੂਰਾਂ ’ਤੇ।
ਦਿਲ ਖੋਲ੍ਹ ਹਾਸਾ-ਠੱਠਾ ਚਲਦਾ ਤੰਦੂਰਾਂ ’ਤੇ।
ਰੋਗੀਆਂ ਦੇ ਰੋਗ ਦੂਰ ਹੁੰਦੇ ਸੀ ਤੰਦੂਰਾਂ ’ਤੇ।
‘ਭਲੂਰੀਆ’ ਤੰਦੂਰਾਂ ਜਿਹੇ ਲੱਭਣੇ ਨ ਗਹਿਣੇ ਜੀ।
ਉਹ ਦਿਨ ..........................

ਯਾਦ ਤਾਈ ਦੇ ਵਿਹੜੇ ਦੀ ਤਾਂ
‘ਬਲਜੀਤ’ ਲਈ ਬਣਗੇ ਗਹਿਣੇ ਜੀ,
ਉਹ ਦਿਨ ...................
ਉਹ ਦਿਨ ਦੇ ਕੀ ਕਹਿਣੇ ਜੀ।
ਜਿਉਂ ਵਿੱਚ ਸੁਰਗਾਂ ਦੇ ਰਹਿਣੇ ਜੀ।

➢➢➢

## ਰੱਖੜੀ

ਨੀ ਅੱਜ ਦਿਨ ਰੱਖੜੀ ਦਾ ਆਇਆ।
ਹੋ ਗਈ ਰੰਗਲੀ ਸਾਰੀ ਕਾਇਆ।
ਵੀਰਿਆ ਬਹਿਜਾ ਵੇ, ਭੈਣਾਂ ਦੇ ਵਿਚਕਾਰ।
ਵੀਰਿਆ ..................

ਲਾਲ ਗੁਲਾਬੀ ਲੈ ਲੋਗੜ੍ਹੀ, ਸੋਹਣਾ ਫੁੱਲ ਬਣਾਇਆ।
ਗੋਟੇ ਨਾਲ ਸਜਾ ਕੇ ਉੱਤੇ, ਹੈ ਮੋਤੀ ਜੜਵਾਇਆ।
ਭੈਣ-ਭਰਾ ਦੇ ਰਿਸ਼ਤੇ ਦੀ ਤਾਂ, ਸਦਾ ਖਿੜ੍ਹੇ ਗੁਲਜ਼ਾਰ।
ਵੀਰਿਆ .......................

ਆਹ ਛੋਟੀ ਭੈਣ ਸਜਾਵੇ, ਗੁੱਟ 'ਤੇ ਰੱਖੜੀ ਵੇ।
ਅੱਜ ਮਸਾਂ-ਦਿਹਾੜਾ ਆਇਆ, ਫਿਰਦੀ ਮੱਛਰੀ ਵੇ।
ਪਾ-ਪਾ ਕੇ ਛੋਟੀਆਂ ਬਾਹਵਾਂ ਦਾ, ਤੇਰੇ ਗਲ ਵਿੱਚ ਹਾਰ।
ਵੀਰਿਆ ........................

ਧੀ ਮਹਿਕ ਤਾਂ ਤੇਰੀ ਮਹਿਕਾਂ ਵੰਡਦੀ ਫਿਰਦੀ ਏ।
ਮਿੱਠੀਆਂ ਮਿੱਠੀਆਂ ਗੱਲਾਂ ਕਰਦੀ, ਜੀਕਣ ਗੋਲ੍ਹੀ ਖੰਡ ਦੀ ਏ।
ਰਾਖੀ ਬੰਨ ਕੇ ਰਾਖੀ ਦਾ ਤਾਂ, ਲੈਣਾ ਅੱਜ ਇਕਰਾਰ।
ਵੀਰਿਆ .........................

ਤਿੰਨ ਭੈਣਾਂ ਨੇ ਸੁੱਖਾਂ-ਸੁੱਖਕੇ, ਲਿਆ ਹੈ ਵੀਰ ਪਿਆਰਾ।
ਪਾਣੀ ਮੰਗੇ ਦੁੱਧ ਦੇਂਦੀਆਂ, ਹੈ ਅੱਖੀਆਂ ਦਾ ਤਾਰਾ।
ਹਰ ਥਾਂ ਤੇਰੇ ਨਾਲ ਹਾਂ ਖੜ੍ਹੀਆਂ, ਬਣਕੇ ਪਹਿਰੇਦਾਰ।
ਵੀਰਿਆ .......................

ਸੂਟ ਗੁਲਾਬੀ ਦਿੱਤਾ ਮਾਪਿਆਂ, ਸੱਸ ਨੂੰ ਜਾ ਦਿਖਾਵਾਂ।
ਅੱਲ੍ਹਾ ਅੱਗੇ 'ਜੀਤ ਭਲੂਰ' ਦੀ ਸਦਾ ਹੀ ਸੁੱਖ ਮਨਾਵਾਂ।
ਤੇਰੇ ਮੂੰਹ ਵਿੱਚ ਘਿਉ ਸ਼ੱਕਰ, ਤੂੰ ਬਣਿਆਂ ਰਹੇਂ ਸਰਦਾਰ।
ਵੀਰਿਆ .........................

➢➢➢

## ਪੜ੍ਹਦੇ ਜਾਵੋ

ਪੜ੍ਹਦੇ ਜਾਵੋ, ਪੜ੍ਹਦੇ ਜਾਵੋ।
ਰੋਜ਼ ਤਰੱਕੀ ਕਰਦੇ ਜਾਵੋ।

ਪੜ੍ਹੋ ਕਿਤਾਬਾਂ ਬਣੋ ਗਿਆਨੀ।
ਅੱਗੇ ਵਧਣ ਦੀ ਖ਼ਾਸ ਨਿਸ਼ਾਨੀ।
ਪੌੜੀ ਪੌੜੀ ਚੜ੍ਹਦੇ ਜਾਵੋ।
ਪੜ੍ਹਦੇ ਜਾਵੋ ..................

ਪੜ੍ਹ ਪੜ੍ਹ ਕੇ ਕੁਝ ਸੋਚੀ ਜਾਵੋ।
ਸੋਚ ਸੋਚ ਕੁਝ ਖੋਜੀ ਜਾਵੋ।
ਕਦਮ ਅਗਾਂਹ ਨੂੰ ਧਰਦੇ ਜਾਵੋ।
ਪੜ੍ਹਦੇ ਜਾਵੋ ...............

ਸੋਚ ਸੋਚ ਕੁਝ ਕਰਨਾ ਸਿੱਖੋ।
ਸੱਤ ਸਮੁੰਦਰ ਤਰਨਾ ਸਿੱਖੋ।
ਰੁਕਾਵਟ ਦੇ ਨਾਲ ਲੜਦੇ ਜਾਵੋ।
ਪੜ੍ਹਦੇ ਜਾਵੋ .............

ਜੀਵੇ ਚਾਨਣ ਮਰੇ ਹਨ੍ਹੇਰਾ।
ਉੱਜਲ ਕਰ ਦਿਓ ਚਾਰ ਛਪੇਰਾ।
ਸੱਚੀ ਮਿਹਨਤ ਕਰਦੇ ਜਾਵੋ।
ਪੜ੍ਹਦੇ ਜਾਵੋ ............

ਕਰੋ ਖੋਜ ਤੇ ਗਿਆਨ ਵਧਾਵੋ।
ਦੁਨੀਆਂ ਵਿੱਚ ਉੱਚ ਪਦਵੀ ਪਾਵੋ।
ਨਿੱਤ ਨਵੀਆਂ ਸਿਖ਼ਰਾਂ ਚੜ੍ਹਦੇ ਜਾਵੋ।
ਪੜ੍ਹਦੇ ਜਾਵੋ .............

ਜੀਤ 'ਭਲੂਰ' ਦਾ ਨਾਂ ਰੁਸ਼ਨਾਉਣਾ।
ਚੰਨ ਵਾਂਗ ਅੰਬਰੀਂ ਚਮਕਾਉਣਾ।
ਰਸਤੇ ਰੌਸ਼ਨ ਕਰਦੇ ਜਾਵੋ।
ਪੜ੍ਹਦੇ ਜਾਵੋ ...........

➢➢➢

## ਫਸਲਾਂ ਦਾ ਪਿਆਰ

ਵੇਖ ਜੋਬਨਾਂ 'ਤੇ,
ਝੂਮਦੀਆਂ ਫਸਲਾਂ ਵੇ,
ਜੱਟਾ ਫਿਰੇਂ ਤੂੰ ਨੱਚਦਾ।

ਪਲ ਪਲ ਜ਼ਿੰਦਗੀ ਦੀ ਮੇਰੇ ਲੇਖੇ ਲਾਈ ਵੇ।
ਧੰਨ ਹੈਂ ਤੂੰ ਧੰਨ ਜੱਟਾ ਤੇਰੀ ਹੈ ਕਮਾਈ ਵੇ।

ਮੈਨੂੰ ਖੁਸ਼ੀਆਂ ਦਾ,
ਮਿਲਦਾ ਹੁਲਾਰਾ ਵੇ,
ਜਦੋਂ ਆ ਕੇ ਤੂੰ ਤੱਕਦਾ।
ਵੇਖ ...........

ਏਸੇ ਵਿੱਚ ਖੁਸ਼ੀ ਮੈਨੂੰ ਰਹਾਂ ਤੇਰੇ ਸੰਗ ਵੇ।
ਤੇਰੀ ਹਾਂ ਮੰਗੇਤਰ ਤੇ ਬੱਚੇ ਦੀ ਉਮੰਗ ਵੇ।
ਬਣ ਚੂਰੀਆਂ,
ਪਰਾਉਂਠਿਆਂ 'ਚ ਮਹਿਕਾਂ ਵੇ,
ਰੱਖਾਂ ਤੈਨੂੰ ਸਦਾ ਹੱਸਦਾ।
ਵੇਖ ...........

ਤੇਰੀ ਹਾਂ ਮੈਂ ਤੇਰੀ ਰਾਂਝਾ ਹੀਰ ਕੁਆਰੀ ਵੇ।
ਤੂੰ ਹੀ ਕੀਤਾ ਪਿਆਰ ਮੇਰੀ ਤੇਰੇ ਸੰਗ ਯਾਰੀ ਵੇ।
ਭੈੜੀ ਅੱਖ ਨਾਲ,
ਸੇਠ ਸੈਦਾ-ਕਾਣਾ ਵੇ,
ਜੋਬਨਾਂ ਨੂੰ ਰਹੇ ਤੱਕਦਾ।
ਵੇਖ ...........

ਮੰਡੀਆਂ 'ਚ ਲਾਈ ਹੋਈ ਬਿੱਲੀਆਂ ਨੇ ਸ਼ਹਿ ਵੇ।
ਤੇਰੀ ਇਹ ਕਬੂਤਰੀ ਨੂੰ ਜਾਣਗੀਆਂ ਲੈ ਵੇ।
ਅੱਖੀਂ ਵੇਖ ਕੇ,
ਮੱਖੀ ਕਿਉਂ ਖਾਵੇਂ ਵੇ,
ਅੱਖੀਆਂ ਕਿਉਂ ਬੰਦ ਰੱਖਦਾ।
ਵੇਖ ..........

ਰੱਖ ਲੈ ਜੇ ਰੱਖੀ ਜਾਂਦੀ ਮੈਂ ਤਾਂ ਖੁਰ ਚੱਲੀ ਵੇ।
ਡੱਕ ਦੇਉ ਭਲੂਰ ਵਿੱਚ ਸੇਠ ਮੈਨੂੰ ਕੱਲੀ ਵੇ।
ਤੇਰੇ ਬੱਚਿਆਂ ਦੇ,
ਟੁੱਟੇ ਅੱਜ ਸੁਪਨੇ ਵੇ,
ਜੀਤ ਰਹਿ ਗਿਆ ਤੂੰ ਤੱਕਦਾ।
ਵੇਖ ............

➢➢➢

## ਤਿੰਨ-ਮਾਂਵਾਂ

ਹਿੰਦੂ ਮੁਸਲਮ ਸਿੱਖ ਇਸਾਈ ਸਾਰੇ ਇਸ ਦੇ ਲਾਲ।
ਮੇਰੀ ਮਾਂ ਬੜੀ, ਮੇਰੀ ਮਾਂ ਬੜੀ ਵਿਸ਼ਾਲ।
ਮੇਰੀ ਮਾਂ ਬੜੀ, ਮਾਂ ਬੜੀ ਖੁਸ਼ਹਾਲ।

ਪਹਿਲੀ ਮਾਂ ਨੇ ਜਨਮ ਹੈ ਦਿੱਤਾ।
ਪਾਲ ਪੋਸ ਕੇ ਵੱਡਿਆਂ ਕੀਤਾ।
ਕਰਦੀ ਖੂਬ ਪਿਆਰ।
ਮੇਰੀ ਮਾਂ .............

ਦੂਜੀ ਦੇ ਪੰਜ ਧਾਰਾ ਵਗਦੇ।
ਰਹੇ ਕੱਠਿਆਂ ਜਿਸ ਦੀ ਗੋਦ 'ਚ ਪਲ਼ਦੇ।
ਖਾਣ ਨੂੰ ਦੇਵੇ ਅਨਾਜ।
ਮੇਰੀ ਮਾਂ .............

ਤੀਜੀ ਮੇਰੀ ਬੋਲੀ ਪਿਆਰੀ।
ਜਿਸ ਨੇ ਦੱਸੀ ਦੁਨੀਆ ਦਾਰੀ।
ਵਿਰਸਾ ਰੱਖੇ ਸੰਭਾਲ।
ਮੇਰੀ ਮਾਂ .............

ਵੇ ਵੀਰੋ ਅੰਮੀ ਦੇ ਜਾਇਓ।
ਮਾਂ ਦੇ ਦੁੱਧ ਨੂੰ ਲਾਜ ਨ ਲਾਇਓ।
ਇਹਦੀ ਚੁੰਨੀ ਦਿਓ ਸੰਭਾਲ।
ਮੇਰੀ ਮਾਂ ...............

➢➢➢

## ਵੀਰ

ਵੀਰ ਹੀ ਹੈ ਜਿੰਦ ਜਾਨ ਅਸਾਡੀ, ਵੀਰ ਭੈਣਾਂ ਦੇ ਗਹਿਣੇ।
ਪਿਆਰ ਸਾਡੇ ਦੇ ਫੁੱਲ ਵੀਰਨਾਂ ਸਦਾ ਟਹਿਕਦੇ ਰਹਿਣੇ।

ਤੇਰੇ ਸਿਰ 'ਤੇ ਵਿੱਚ ਸਾਉਣ ਦੇ ਤੀਆਂ ਅਸੀਂ ਮਨਾਈਏ।
ਬੋਲੀ ਤੇਰੇ ਪਿਆਰ ਦੀ ਉੱਤੇ ਨੱਚ ਧਮਾਲਾਂ ਪਾਈਏ।
ਖੱਟਾ ਡੋਰੀਆ ਖੱਟੀ ਚੁੰਨੀ ਰੀਝਾਂ ਦੇ ਨਾਲ ਲੈਣੇ।
ਪਿਆਰ ਸਾਡੇ ਦੇ ..................

ਲੱਖ ਕਰੋੜਾਂ ਸੱਧਰਾਂ ਸਾਡੀਆਂ ਇਸ ਰੱਖੜੀ ਵਿੱਚ ਭਰੀਆਂ।
ਸਜੀ ਵੇਖਕੇ ਗੁੱਟ ਦੇ ਉੱਤੇ ਅੱਖੀਆਂ ਹੋ ਜਾਣ ਹਰੀਆਂ।
ਮਹਿੰਦੀ ਵਾਲੇ ਹੱਥ ਅਸਾਡੇ ਸਦਾ ਮੰਨਣਗੇ ਕਹਿਣੇ।
ਪਿਆਰ ਸਾਡੇ ਦੇ ...................

ਉੱਡੀਂ ਵੇ ਕਾਂਵਾਂ ਉੱਡਦਾ-ਉੱਡਦਾ ਬਾਬਲ ਪਿੰਡ ਨੂੰ ਜਾਵੀਂ।
ਠੰਡੀ ਮਿੱਠੀ ਵਾਅ ਦਾ ਬੁੱਲ੍ਹਾ ਵਾਪਸ ਲੈ ਕੇ ਆਵੀਂ।
ਕਦ ਆਵੇਗਾ ਵੀਰ ਪਿਆਰਾ ਕਰਦਾ ਭੈਣੇ-ਭੈਣੇ।
ਪਿਆਰ ਸਾਡੇ ਦੇ ....................

ਪੋਤੇ ਪੋਤੀਆਂ ਦੇ ਨਾਲ ਖਿੜ ਜਾਏ ਅੰਮੀਏਂ ਤੇਰਾ ਵਿਹੜਾ।
ਅੱਗੇ ਪਿੱਛੇ ਹੋਣ ਰੌਣਕਾਂ ਚਾਰ ਚੁਫੇਰੇ ਖੇੜਾ।
ਕਿੰਨਾ ਹੁੰਦਾ ਚਾਅ ਭੂਆ ਨੂੰ ਵਿੱਚ ਭਤੀਜੇ ਬਹਿਣੇ।
ਪਿਆਰ ਸਾਡੇ ਦੇ ....................

ਨਿੱਕੇ ਹੁੰਦੇ ਦੀਆਂ ਵੀਰੇ ਤੇਰੀਆਂ ਮਿੱਠੀਆਂ ਮਿੱਠੀਆਂ ਯਾਦਾਂ।
ਇਨ੍ਹਾਂ ਯਾਦਾਂ ਨੂੰ ਯਾਦ ਮੈਂ ਕਰਕੇ ਪਹੁੰਚਾਂ ਵਿੱਚ ਖੁਆਬਾਂ।
ਚੰਗਾ ਹੋਵੇ ਰੱਬਾ ਮੇਰਿਆ ਜੇ ਕਰ ਰੱਖੇਂ ਸਦਾ ਨਿਆਣੇ।
ਪਿਆਰ ਸਾਡੇ ਦੇ ...................

ਮਿੱਟੀ ਇਸ ਦੀ ਮਸਤਕ ਲਾਵਾਂ ਭੁੱਲ ਨ ਸਕਾਂ ਭਲੂਰ।
ਮੁਆਫ ਕਰ ਦਿਓ ਜੀਤ ਵੀਰ ਜੇ ਹੋਇਆ ਕੋਈ ਕਸੂਰ।
ਪੇਕੇ ਪਿੰਡ ਦੀ ਭੂਮੀ ਉੱਤੇ ਸਦਾ ਹੀ ਭੰਗੜੇ ਪੈਣੇ।
ਪਿਆਰ ਸਾਡੇ ਦੇ ...................

➢➢➢